# ਜੀ ਉੱਠਣ ਦਾ ਸਬੂਤ

# The Evidence Of The Resurrection

[ਭਾਈ ਵਿਲੀਅਮ ਬ੍ਰਾਨਹਾਮ ਦਾ ਵਿਸ਼ਾ ਲੂਕਾ 24:1-32 ਭਾਈ ਔਰਮਨ ਨੇਵਿਲ ਦੁਆਰਾ ਪੜ੍ਹਿਆ ਜਾਂਦਾ ਹੈ।- ਸੰਪਾਦਕ]

*ਪਰ ਹਫਤੇ ਦੇ ਪਹਿਲੇ ਦਿਨ ਅੰਮ੍ਰਿਤ ਵੇਲੇ ਉਹ ਉਹਨਾਂ ਸੁਗੰਧਾਂ ਨੂੰ ਜਿਹੜੀਆਂ ਤਿਆਰ ਕੀਤੀਆਂ ਸਨ ਲੈ ਕੇ ਕਬਰ ਉੱਤੇ ਆਈਆਂ।*

*ਅਤੇ ਉਹਨਾਂ ਨੇ ਪੱਥਰ ਨੂੰ ਕਬਰੋਂ ਲਾਂਭੇ ਰਿੜ੍ਹਿਆ ਪਿਆ ਹੋਇਆ ਡਿੱਠਾ।*

*ਅਤੇ ਅੰਦਰ ਜਾ ਕੇ ਪ੍ਰਭੂ ਯਿਸੂ ਦੀ ਲੋਥ ਨਾ ਪਾਈ।*

*ਅਤੇ ਇਉਂ ਹੋਇਆ ਕਿ ਜਾਂ ਉਹ ਇਸਦੇ ਕਾਰਨ ਦੁਬਧਾ ਵਿੱਚ ਪਈਆਂ ਤਾਂ ਵੇਖੋ ਦੋ ਪੁਰਸ਼ ਚਮਕੀਲੀ ਪੁਸ਼ਾਕ ਪਹਿਨੀਂ ਉਨ੍ਹਾਂ ਦੇ ਕੋਲ ਆਣ ਖਲੋਤੇ।*

*ਜਾਂ ਉਹ ਡਰਦੀਆਂ ਅਤੇ ਆਪਣੇ ਸਿਰ ਜਮੀਨ ਜਮੀਨ ਦੀ ਵੱਲ ਝੁਕਾਉਂਦੀਆਂ ਸਨ ਤਾਂ ਉਨ੍ਹਾਂ ਇਹਨਾਂ ਨੂੰ ਆਖਿਆ, ਤੁਸੀਂ ਜੀਉਂਦੇ ਨੂੰ ਮੋਇਆਂ ਵਿੱਚ ਕਿਉਂ ਭਾਲਦੀਆਂ ਹੋ?*

*ਉਹ ਐਥੇ ਹੈ ਨਹੀਂ ਪਰ ਜੀ ਉੱਠਿਆ ਹੈ।ਚੇਤੇ ਕਰੋ ਕਿ ਗਲੀਲ ਵਿੱਚ ਹੁੰਦਿਆ ਉਸਨੇ ਤੁਹਾਨੂੰ ਕਿੱਕੁਰ ਕਿਹਾ ਸੀ।*

*ਭਈ ਮਨੁੱਖ ਦੇ ਪੁੱਤਰ ਨੂੰ ਪਾਪੀ ਮਨੁੱਖਾਂ ਦੇ ਹੱਥੀਂ ਫੜਵਾਇਆ ਜਾਣਾ ਅਤੇ ਸਲੀਬ ਉੱਤੇ ਚੜ੍ਹਾਇਆ ਜਾਣਾ ਅਰ ਤੀਏ ਦਿਨ ਜੀ ਉੱਠਣਾ ਜਰੂਰ ਹੈ।*

*ਤਾਂ ਉਸ ਦੀਆਂ ਗੱਲਾਂ ਉਹਨਾਂ ਨੂੰ ਚੇਤੇ ਆਈਆਂ।*

*ਅਤੇ ਕਬਰ ਤੋਂ ਮੁਟ ਕੇ ਉਹਨਾਂ ਨੇ ਇਹ ਗੱਲਾਂ ਉਨ੍ਹਾਂ ਗਿਆਰਾਂ ਅਤੇ ਹੋਰਨਾਂ ਸਭਨਾਂ ਨੂੰ ਦੱਸ ਦਿੱਤੀਆਂ।*

*ਸੋ ਮਰਿਯਮ ਮਗਦਲੀਨੀ ਅਤੇ ਯੋਆਨਾ ਅਤੇ ਯਕੂਬ ਦੀ ਮਾਂ ਮਰਿਯਮ ਅਰ ਉਹਨਾਂ ਦੇ ਨਾਲ ਦੀਆਂ ਹੋਰ ਤੀਵੀਆਂ ਨੇ ਰਸੂਲਾਂ ਏਹ ਗੱਲਾਂ ਕਹੀਆਂ।*

*ਅਤੇ ਇਹ ਗੱਲਾਂ ਉਨ੍ਹਾਂ ਨੂੰ ਕਹਾਣੀਆਂ ਜਹੀਆਂ ਮਲੂਮ ਹੋਈਆਂ ਅਤੇ ਉਨ੍ਹਾਂ ਨੇ ਓਹਨਾਂ ਦਾ ਸਤ ਨਾ ਮੰਨਿਆ।*

*ਪਰ ਪਤਰਸ ਉੱਠ ਕੇ ਕਬਰ ਵੱਲ ਭੱਜਿਆ ਅਤੇ ਝੁਕ ਕੇ ਨਿਰੇ ਓਹ ਕੱਪੜੇ ਡਿੱਠੇ ਅਰ ਇਸ ਵਾਰਤਾ ਤੇ ਅਚਰਜ ਮੰਨਦਾ ਹੋਇਆ ਆਪਣੇ ਘਰ ਚੱਲਿਆ ਗਿਆ।*

*ਤਾਂ ਵੇਖੋ ਓਸੇ ਦਿਨ ਉਨ੍ਹਾਂ ਵਿੱਚੋਂ ਦੋ ਜਣੇ ਇੰਮਾਊਸ ਨਾਉਂ ਦੇ ਇੱਥ ਪਿੰਡ ਨੂੰ ਜਾਂਦੇ ਸਨ ਜਿਹੜਾ ਯਰੂਸ਼ਲਮ ਤੋਂ ਪੰਜ ਕੋਹ ਵਾਟ ਤੇ ਹੈ।*

*ਸੋ ਉਹਨਾਂ ਸਭਨਾਂ ਗੱਲਾਂ ਦੇ ਵਿਖੇ ਜੋ ਬੀਤੀਆਂ ਸਨ, ਆਪੋ ਵਿੱਚ ਗੱਲ ਬਾਤ ਕਰਦੇ ਸਨ।*

*ਅਤੇ ਐਉਂ ਹੋਇਆ ਕਿ ਜਾਂ ਉਹ ਗੱਲ ਬਾਤ ਅਤੇ ਚਰਚਾ ਕਰਦੇ ਸਨ ਤਾਂ ਯਿਸੂ ਆਪ ਨੇੜੇ ਆਣ ਕੇ ਉਨ੍ਹਾਂ ਦੇ ਨਾਲ ਤੁਰਿਆ ਗਿਆ।*

*ਪਰ ਉਹਨਾਂ ਦੇ ਨੇਤਰ ਬੰਦ ਕੀਤੇ ਗਏ ਸਨ ਭਈ ਉਹ ਨੂੰ ਨਾਂ ਸਿਆਣਨ।*

*ਉਸਨੇ ਉਨ੍ਹਾਂ ਨੂੰ ਆਖਿਆ ਕਿ ਤੁਸੀਂ ਤੁਰੇ ਜਾਂਦੇ ਏਹ ਕੀ ਗੱਲਾਂ ਆਪੋ ਵਿੱਚ ਕਰਦੇ ਹੋ, ਅਤੇ ਉਦਾਸ ਹੋ?*

*ਤਦ ਕਲਿਉਪਸ ਨਾਉਂ ਦੇ ਇੱਕ ਨੇ ਉਸਨੂੰ ਉੱਤਰ ਦਿੱਤਾ, ਭਲਾ ਤੂੰਏ ਕੱਲਾ ਯਰੂਸ਼ਲਮ ਵਿੱਚ ਓਪਰਾ ਹੈਂ ਅਤੇ ਅੱਜ ਕੱਲ ਜਿਹੜੀਆਂ ਵਾਰਤਾਂ ਉਸ ਵਿੱਚ ਬੀਤੀਆਂ ਹਨ ਨਹੀਂ ਜਾਣਦਾ ਹੈਂ?*

*ਉਸ ਨੇ ਉਨ੍ਹਾਂ ਨੂੰ ਕਿਹਾ, ਕਿਹੜੀਆਂ ਵਾਰਤਾਂ? ਅਤੇ ਉਨ੍ਹਾਂ ਉਸਨੂੰ ਆਖਿਆ, ਯਿਸੂ ਨਾਸਰੀ ਦੇ ਵਿਖੇ ਜਿਹੜਾ ਨਬੀ ਅਰ ਨਾਲੇ ਪਰਮੇਸ਼ੁਰ ਅਤੇ ਸਾਰੇ ਲੋਕਾਂ ਦੇ ਅੱਗੇ ਕਰਨੀ ਅਤੇ ਬਚਨ ਵਿੱਚ ਸਮਰਥ ਸੀ :*

*ਅਰ ਕਿਸ ਤਰ੍ਹਾਂ ਪਰਧਾਨ ਜਾਜਕਾਂ ਅਤੇ ਸਾਡੇ ਸਰਦਾਰਾਂ ਨੇ ਉਸ ਨੂੰ ਕਤਲ ਦੇ ਲਈ ਹਵਾਲੇ ਕੀਤਾ ਅਤੇ ਉਸਨੂੰ ਸਲੀਬ ਉੱਤੇ ਚੜ੍ਹਾਇਆ।*

*ਪਰ ਸਾਨੂੰ ਇਹ ਆਸ ਸੀ ਭਈ ਇਹ ਉਹੋ ਹੈ ਜੋ ਇਸਰਾਏਲ ਦਾ ਨਿਸਤਾਰਾ ਕਰੇ ਅਰ ਇਨ੍ਹਾਂ ਸਭਨਾਂ ਗੱਲਾਂ ਤੋਂ ਬਾਝ ਐਸ ਮਾਜਰੇ ਬੀਤੇ ਨੂੰ ਅੱਜ ਤੀਆ ਦਿਨ ਹੋ ਗਿਆ ਹੈ।*

*ਪਰ ਸਾਡੇ ਵਿੱਚੋਂ ਕਈਆਂ ਤੀਵੀਆਂ ਨੇ ਭੀ ਸਾਨੂੰ ਹੈਰਾਨ ਕਰ ਛੱਡਿਆ ਹੈ ਕਿ ਓਹ ਤੜਕੇ ਕਬਰ ਤੇ ਗਈਆਂ ;*

*ਅਤੇ ਜਾਂ ਉਹ ਦੀ ਲੋਥ ਨਾ ਪਾਈ ਤਾਂ ਇਹ ਆਖਦੀਆਂ ਆਈਆਂ ਜੋ ਸਾਨੂੰ ਦੂਤਾਂ ਦਾ ਦਰਸ਼ਣ ਭੀ ਹੋਇਆ ਜਿਨ੍ਹਾਂ ਆਖਿਆ ਭਈ ਉਹ ਜੀਉਂਦਾ ਹੈ !*

*ਅਤੇ ਸਾਡੇ ਨਾਲ ਦਿਆਂ ਵਿੱਚੋਂ ਕਈਕੁ ਕਬਰ ਉੱਤੇ ਗਏ ਅਰ ਜਿਹੋ ਜਿਹਾ ਤੀਵੀਆਂ ਨੇ ਕਿਹਾ ਸੀ ਤਿਹੋ ਜਿਹਾ ਪਾਇਆ ਪਰ ਉਸਨੂੰ ਨਾਂ ਡਿੱਠਾ।*

*ਤਾਂ ਉਸਨੇ ਉਨ੍ਹਾਂ ਨੂੰ ਕਿਹਾ, ਹੇ ਬੇਸਮਝੋ ਅਰ ਨਬੀਆਂ ਦਿਆਂ ਸਾਰਿਆਂ ਬਚਨਾਂ ਉੱਤੇ ਪਰਤੀਤ ਕਰਨ ਵਿੱਚ ਢਿੱਲਿਓ !*

*ਕੀ ਮਸੀਹ ਨੂੰ ਜਰੂਰੀ ਨਾ ਸੀ ਜੋ ਕਸ਼ਟ ਭੋਗ ਕੇ ਆਪਣੇ ਤੇਂ ਵਿੱਚ ਪ੍ਰਵੇਸ਼ ਕਰੇ?*

*ਅਤੇ ਮੂਸਾ ਅਰ ਸਭਨਾਂ ਨਬੀਆਂ ਤੋਂ ਸ਼ੁਰੂ ਕਰਕੇ ਉਸਨੇ ਓਹਨਾਂ ਨੂੰ ਉਨ੍ਹਾਂ ਗੱਲਾਂ ਦਾ ਅਰਥ ਦੱਸਿਆ ਜਿਹੜੀਆਂ ਸਭਨਾਂ ਪੁਸਤਕਾਂ ਵਿੱਚ ਉਹ ਦੇ ਹੱਕ ਵਿੱਚ ਲਿਖੀਆਂ ਹੋਈਆਂ ਸਨ।*

*ਉਹ ਪਿੰਡ ਨੇੜੇ ਆਇਆ ਜਿੱਥੇ ਉਹ ਜਾਂਦੇ ਸਨ ਅਰ ਉਸ ਨੇ ਅੱਗੇ ਵਧਣ ਨੂੰ ਕੀਤਾ।*

*ਤਾਂ ਉਨ੍ਹਾਂ ਉਸ ਨੂੰ ਅਟਕਾ ਕੇ ਆਖਿਆ ਕਿ ਸਾਡੇ ਨਾਲ ਰਹੋ ਕਿਉਂ ਜੋ ਸੰਝ ਪੈ ਗਈ ਅਤੇ ਹੁਣ ਦਿਨ ਲਹਿ ਚੱਲਿਆ ਹੈ ਅਰ ਉਹ ਉਨ੍ਹਾਂ ਦੇ ਸੰਗ ਟਿਕਣ ਨੂੰ ਅੰਦਰ ਗਿਆ।*

*ਇਉਂ ਹੋਇਆ ਕਿ ਜਾਂ ਉਹ ਉਨ੍ਹਾਂ ਦੇ ਨਾਲ ਪਰਸ਼ਾਦ ਛਕਣ ਨੂੰ ਬੈਠਾ ਤਾਂ ਉਸ ਨੇ ਰੋਟੀ ਲੈ ਕੇ ਬਰਕਤ ਦਿੱਤੀ ਅਤੇ ਤੋੜ ਕੇ ਉਨ੍ਹਾਂ ਨੂੰ ਫੜਾਈ।*

*ਤਦ ਉਨ੍ਹਾਂ ਦੇ ਨੇਤਰ ਖੁੱਲ ਗਏ ਅਤੇ ਉਨ੍ਹਾਂ ਉਸ ਨੂੰ ਸਿਆਣ ਲਿਆ ਅਰ ਉਹ ਉਨ੍ਹਾਂ ਤੋਂ ਅਲੋਪ ਹੋ ਗਿਆ।*

*ਤਾਂ ਓਹ ਇੱਕ ਦੂਏ ਨੂੰ ਆਖਣ ਲੱਗੇ ਭਈ ਜਾਂ ਉਹ ਰਾਹ ਵਿੱਚ ਸਾਡੇ ਨਾਲ ਗੱਲਾਂ ਕਰਦਾ ਅਤੇ ਸਾਡੇ ਲਈ ਪੁਸਤਕਾਂ ਦਾ ਅਰਥ ਖੋਲ੍ਹਦਾ ਸੀ ਤਾਂ ਕੀ ਸਾਡਾ ਦਿਲ ਸਾਡੇ ਅੰਦਰ ਗਰਮ ਨਹੀਂ ਸੀ ਹੁੰਦਾ ?*

2 ਭਾਈ ਨੇਵਿਲ, ਧੰਨਵਾਦ। ਅਤੇ ਤੁਹਾਨੂੰ ਸਾਰਿਆਂ ਨੂੰ ''ਸ਼ੁੱਭ ਸ਼ਾਮ।''

3 ਅੱਜ ਦਾ ਦਿਨ ਮੇਰੇ ਲਈ ਇੱਕ ਮਹਾਨ ਦਿਨ ਰਿਹਾ ਹੈ। ਇਹ ਬਹੁਤ ਕਾਰਨਾਂ ਕਰਕੇ ਮਹਾਨ ਹੈ। ਅੱਜ ਮੈਂ ਥੋੜ੍ਹਾ ਹੋਰ ਬੁੱਢਾ ਹੋ ਗਿਆ ਹਾਂ, ਇਸ ਲਈ ਇਹ ਇਸਨੂੰ ਥੋੜ੍ਹਾ ਹੋਰ ਮਹਾਨ ਬਣਾਉਂਦਾ ਹੈ, ਅਤੇ ਮੈ ਮਹਾਨ ਉਮਰ ਪ੍ਰਾਪਤ ਕਰ ਰਿਹਾ ਹਾਂ। ਪ੍ਰੰਤੂ ਮੈ ... ਇਹ ਮਹਾਨ ਦਿਨ ਹੈ ਕਿਉਕਿ ਇਹ ਈਸਟਰ ਹੈ।ਅਤੇ ਫਿਰ ਇੱਕ ਮਹਾਨ ਦਿਨ ਕਿਉਂਕਿ ਇਸ ਦਿਨ ਮੇਰੇ ਨਾਲ ਕੁਝ ਵਾਪਰਿਆ ਹੈ, ਜਿਸਨੂੰ ਮੈਂ ਕਦੇ ਨਹੀਂ ਭੁੱਲਾਂਗਾ। ਇਹ ਮੇਰੀ ਇੱਛਾ ਸੀ ਜੋ ਮੇਰੇ ਦਿਲ ਤੇ ਆਈ ਹੈ।ਕਿ ਮੈਂ ...

4 ਮੈਂ ਆਪਣਾ ਸਾਰਾ ਜੀਵਨ ਚੀਜ਼ਾਂ ਲਈ ਹੈਰਾਨ ਰਿਹਾ ਹਾਂ, ਅਤੇ ਇਸ ਲਈ ਕਿ ਮੈਂ ਇਸ ਸੰਸਾਰ ਵਿੱਚ ਕਿਉਂ ਪੈਦਾ ਹੋਇਆ ਹਾਂ।

5 ਫਿਰ ਮੈਂ ਇਸ ਸਵੇਰ ਬਸ ਸੋਚ ਰਿਹਾ ਸੀ, ਜਦ ਮੈਂ ਮੂਸਾ ਦੇ ਬਾਰੇ ਵਿੱਚ ਗੱਲ ਕਰ ਰਿਹਾ ਸੀ। ਅਤੇ ਉਹ, ਉਸਦੇ ਮਨ ਵਿੱਚ ਕੀ ਆਇਆ ਹੋਵੇਗਾ ਜਦ ਉਸਨੂੰ ਪਤਾ ਲੱਗਾ ਕਿ ਉਹ ਇਬਰਾਨੀ ਹੈ ! ਕਿਉਂ ਪ੍ਰਮੇਸ਼ੁਰ ਨੇ ਇਹ ਹੋਣ ਦਿੱਤਾ ਕਿ ਉਹ ਫਿਰਊਨ ਦੇ ਮਹਿਲਾਂ ਵਿੱਚ ਪਲੇ, ਅਤੇ ਫਿਰ ਸਥਾਨ ਲਵੇ, ਉਜਾੜ ਦੇ ਪਿਛਲੇ ਪਾਸੇ ਇੱਕ ਪੱਦਵੀ ਲਵੇ, ਲੱਭਣ ਲਈ ਕਿ ਉਸਨੇ ਜੀਵਨ ਵਿੱਚ ਕੀ ਕਰਨਾ ਹੈ?

6 ਅਤੇ ਮੈਂ ਅਕਸਰ ਹੈਰਾਨ ਹੋਇਆਂ ਹਾਂ, ਇੱਕ ਬੱਚਾ ਹੋਣ ਦੇ ਨਾਤੇ, ਸ਼ੁਰੂ ਦੇ ਦਿਨਾਂ ਵਿੱਚ, ਕਿਵੇ ਖੁਦਾ ਮੇਰੇ ਨਾਲ ਗੱਲ ਕਰਦਾ ਰਿਹਾ ਹੈ। ਫਿਰ ਮੈ ਹੈਰਾਨ ਹੁੰਦਾ ਹਾਂ ਕਿ ਕਿਉ ਉਸਨੇ ਉਹ ਤਸਵੀਰ ਲੈਣ ਦੀ ਆਗਿਆ ਦਿੱਤੀ। ਮੈ ਹੈਰਾਨ ਹਾਂ ਕਿ ਕਿਉ ਉਸਨੇ ਇਹ ਜਰਮਨੀ ਅਤੇ ਫਿਨਲੈਂਡ ਵਿੱਚ ਕੀਤਾ। ਮੈਂ ਹੈਰਾਨ ਹਾਂ ਕਿ ਕਿਉ ਇਹ ਸਾਰੀਆਂ ਚੀਜ਼ਾਂ ਹੋਈਆਂ ਹਨ। ਮੈਂ ਸਿਰਫ ਇਹ ਵਿਸ਼ਵਾਸ ਨਹੀ ਕਰ ਸੱਕਦਾ ਕਿ ਇਹ ਸੀ ਕਿਉਂਕਿ ਇਹ ... ਕਿਉਂਕਿ ਮੈਂ ਪ੍ਰਚਾਰਕ ਨਹੀਂ ਹਾਂ ; ਮੇਰੇ ਕੋਲ ਪੜ੍ਹਾਈ ਲਿਖਾਈ ਨਹੀਂ ਹੈ।ਮੇਰੇ ਕੋਲ ਪ੍ਰਚਾਰਕ ਹੋਣ ਦੀ ਯੋਗਤਾ ਨਹੀਂ ਹੈ। ਇਹ ਜਰੁਰ ਕੁਝ ਵੱਖਰਾ ਹੋਣਾ ਚਾਹੀਦਾ ਹੈ। ਮੈਂ ਨਿਹਚਾ ਕਰਦਾ ਹਾ ਕਿ ਪ੍ਰਮੇਸ਼ੁਰ ਦੇ ਲੋਕ ਗੁਲਾਮੀ ਵਿੱਚ ਹਨ। ਮੈਂ ਨਿਹਚਾ ਕਰਦਾ ਹਾਂ ਕਿ ਆਦਮੀ ਦੀ ਰੀਤ ਕਾਰਨ ਉਹ ਗੁਲਾਮੀ ਵਿੱਚ ਹਨ। ਅਤੇ ਅੱਜ, ਸਾਡੇ ਪਾਸ ਰੋਜਾਨਾ ਲੱਖਾਂ ਹੀ ਬਿਮਾਰੀਆਂ ਨਾਂਲ ਮਰ ਰਹੇ ਹਨ ਜਿਸਨੂੰ ਮੈਡੀਕਲ ਸਾਇੰਸ ਛੂਹ ਨਈਂ ਸੱਕਦੀ ਹੈ, ਅਤੇ ਉਹ ਪ੍ਰਮੇਸ਼ੁਰ ਦੇ ਬੱਚੇ ਹਨ। ਅਤੇ ਮੈਂ ਵਿਸ਼ਵਾਸ਼ ਕਰਦਾ ... ਮੈਂ- ਮੈਂ ਇਸਨੂੰ ਵੇਖਣ ਲਈ ਸ਼ਾਇਦ ਜੀਉਂਦਾ ਨਹੀਂ ਰਹਾਂਗਾ।ਪਰ ਮੈਂ ਵਿਸ਼ਵਾਸ ਕਰਦਾ ਹਾਂ ਕਿ ਇੱਕ ਅਜਿਹਾ ਸਮਾਂ ਆ ਰਿਹਾ ਹੈ, ਅਤੇ ਹੋ ਸੱਕਦਾ ਹੈ ਉਹ ਬਹੁਤ ਛੇਤੀ ਆ ਰਿਹਾ ਹੈ, ਕਿ ਪ੍ਰਮੇਸ਼ੁਰ ਕੁਝ ਅਜਿਹੇ ਢੰਗ ਨਾਲ ਕੁਛ ਕਰਨ ਜਾ ਰਿਹਾ ਹੈ ਕਿ ਸਾਬਤ ਕਰੇ ਕਿ ਉਹ ਹਾਲੇ ਵੀ ਸਰਵ ਸ਼ਕਤੀਮਾਨ ਪ੍ਰਮੇਸ਼ੁਰ ਹੈ। ਮੈਂ- ਮੈਂ ਇਹ ਵਿਸ਼ਵਾਸ ਕਰਦਾ ਹਾਂ। ਮੈਂ ਇਸਨੂੰ ਇੱਕ ਨਾਪ ਵਿੱਚ

ਵੇਖਿਆ ਹੈ ਪ੍ਰੰਤੂ ਮੈਂ ਨਿਹਚਾ ਕਰਦਾ ਹਾਂ ਕਿ ਜੋ ਅਸੀਂ ਵੇਖਾਂਗੇ ਉਸਦੇ ਮੁਕਾਬਲੇ ਇਹ ਛੋਟਾ ਨਾਪ ਸੀ।

ਹੁਣ, ਮੈਂ ਥੋੜ੍ਹੇ ਅਰਾਮ ਦੇ ਵਕਤ ਲਈ ਸਵੇਰ ਨੂੰ ਜਾ ਰਿਹਾ ਹਾਂ।

7 ਜਿਹੜਾ, ਮੈਂ, ਅੱਜ ਉਸ ਪਾਣੀ ਵਿੱਚ... ਮੈਂ ਬਹੁਤ ਵਾਰ ਬਪਤਿਸਮੇ ਦਿੱਤੇ ਹਨ, ਪਰ ਅੱਜ ਮੈਨੂੰ ਜਿਆਦਾ ਠੰਢ ਲੱਗੀ ਜਿੰਨੀ ਕਿ ਮੈਨੂੰ ਜ਼ਿੰਦਗੀ ਵਿੱਚ ਕਦੇ ਲੱਗੀ ਹੋਵੇ। ਮੈਨੂੰ ਇੰਨੀ ਠੰਢ ਲੱਗੀ ਕਿ ਮੈਂ ਮੁਸ਼ਕਿਲ ਨਾਲ ਹੀ ਬੋਲ ਸੱਕਦਾ ਹਾਂ। ਇਹ ''ਕਮਜ਼ੋਰੀ'' ਦੇ ਕਾਰਨ ਹੋਇਆ ਹੈ। ਕਿਉਂਕਿ ਮੈਂ ਮੈਂ ਕਰਿਸਮਸ ਤੋਂ ਜਾ ਰਿਹਾ ਹਾਂ, ਜਾਂ ਠੀਕ ਕਰਿਸਮਸ ਤੋਂ ਬਾਦ, ਮੁਸ਼ਕਿਲ ਨਾਲ ਵੀ ਕੋਈ ਰਾਤ ਖਾਲ੍ਹੀ ਨਹੀਂ ਸੀ। ਅਤੇ ਮੈਨੂੰ ਬੁਰੀ ਤਰ੍ਹਾਂ ਜੁਕਾਮ ਨਹੀਂ ਸੀ, ਪਰ ਮੈਂ ਬਸ ਕਮਜ਼ੋਰ ਅਤੇ ਥੱਕਿਆ ਹੋਇਆ ਸੀ।

8 ਜੇ ਪ੍ਰਭੂ ਨੇ ਚਾਹਿਆ ਤਾਂ, ਕੁਝ ਦਿਨਾਂ ਦੇ ਅਰਾਮ ਲਈ, ਮੈਂ ਕੱਲ ਝੀਲ ਤੇ ਜਾ ਰਿਹਾ ਹਾਂ। ਪ੍ਰਭੂ ਨੇ ਚਾਹਿਆ ਤਾਂ ਕੁਝ ਦਿਨਾਂ ਵਿੱਚ ਮੈਂ ਵਾਪਿਸ ਆ ਜਾਵਾਂਗਾ। ਅਤੇ ਅਸੀਂ ਫਿਰ ਇਕੱਠੇ ਮਿਲਾਂਗੇ, ਇਸ ਤੋਂ ਪਹਿਲਾਂ ਕਿ ਮੈਂ ਬਾਹਰ ਸੰਗਤੀਆਂ ਲਈ ਜਾਵਾਂ, ਪ੍ਰਮੇਸ਼ੁਰ ਦੀ ਮਰਜ਼ੀ ਹੋਈ ਤਾਂ, ਜੋ ਕਿ ਲੱਗ ਭੱਗ ਦਸ ਹਨ, ਹੁਣ ਤੋਂ ਅੱਗੇ ਵੀਹ ਦਿਨ।

9 ਫਿਰ ਮੈਂ ਕੁਝ ਮਹੀਨਿਆਂ ਲਈ ਵਾਪਸ ਨਿਊਂ ਇੰਗਲੈਂਡ ਰਾਜ ਵਿੱਚ ਜਾਵਾਂਗਾ।ਵਾਪਸ ਪਰਤਾਂਗਾ ...ਇਹ ਮਈ ਦਾ ਸਾਰਾ ਮਹੀਨਾ ਹੈ, ਦੋ ਦਿਨ, ਦੋ ਜਾਂ ਤਿੰਨ ਦਿਨ ਖਾਲ੍ਹੀ ਹੋਣਗੇ।

10 ਤਦ ਫਿਰ ਉੱਥੋਂ, ਅਫਰੀਕਾ ਜਾਣ ਲਈ ਮੁਸ਼ਕਿਲ ਨਾਲ ਇਸ ਵਿੱਚ ਮੇਰੇ ਕੋਲ ਤਕਰੀਬਨ ਪੰਜ ਦਿਨ ਹੋਣਗੇ। ਇਹ ਸਾਰਾ ਜੂਨ ਮਹੀਨਾ ਦਾ ਪ੍ਰੋਗਰਾਮ ਹੈ।

11 ਇਹ ਬਹੁਤ ਹੀ ਮੁਸ਼ਕਿਲ ਹੋਣ ਜਾ ਰਿਹਾ ਹੈ। ਮੈਂ ਇਸ ਛੋਟੇ ਜਿਹੇ ਚਰਚ ਉੱਤੇ ਨਿਰਭਰ ਹੋਵਾਂਗਾ, ਇਹ ਲੋਕ ਮੇਰੇ ਲਈ ਦੁਆ ਕਰ ਰਹੇ ਹਨ ; ਕਿਉਂਕਿ ਮੈਨੂੰ ਇਸ ਦੀ ਲੋੜ੍ਹ ਹੈ, ਮੈਨੂੰ ਇਸ ਦੀ ਬਹੁਤ ਹੀ ਜਿਆਦਾ ਜਰੂਰਤ ਹੈ।

12 ਅਤੇ, ਤੁਹਾਨੂੰ ਪਤਾ, ਕੋਈ ਵੀ ਕਦੇ ਨਹੀਂ ਜਾਣੇਗਾ, ਮਹਿਮਾਂ ਦੇ ਇਸ ਪਾਸੇ ਇਹ ਸੱਭ ਕੀ ਸੀ, ਅਤੇ ਸਾਰੇ ਸੰਘਰਸ਼ ਜਿਹਨਾਂ ਦੇ ਵਿੱਚ ਦੀ ਮੈਨੂੰ ਲੰਘਣਾ ਪਿਆ ਹੈ।ਮੈਂ ਇਹ ਲੋਕਾਂ ਨੂੰ ਨਹੀਂ ਦੱਸਾਂਗਾ।ਇਸਦੀ ਲੋਕਾਂ ਨੂੰ ਦੱਸਣ ਦੀ ਕੋਈ ਜਰੂਰਤ ਨਹੀਂ ਹੈ। ਉਹ ਇਸਨੂੰ ਸਮਝ ਨਹੀਂ ਸੱਕਦੇ। ਨਾ ਹੀ ਮੈਂ ਇਸਨੂੰ ਸਮਝਦਾ ਹਾਂ। ਇਹ ਬਸ ਕੁਝ ਹੈ, ਤੁਸੀਂ ਬਸ ਚੱਲਦੇ ਜਾਂਦੇ ਹੋ, ਬਸ ਅੱਗੇ ਜਾਂਦੇ ਹੋ।

13 ਹੁਣ, ਸੋ ਜਿਹੜੇ ਲੋਕ ਖੜ੍ਹੇ ਹਨ ਉਹਨਾਂ ਨੂੰ ਬਹੁਤ ਜਿਆਦਾ ਦੇਰ ਖੜ੍ਹੇ ਨਹੀਂ ਹੋਣਾ ਪਵੇਗਾ, ਅੱਜ ਰਾਤ ਲਈ ਮੈਂ ਜੋ ਵਿਸ਼ਾ ਚੁਣਿਆ ਹੈ, ਇਹ ਵਿਸ਼ਾ ਜੀ ਉੱਠਣ ਦੇ ਬਾਰੇ ਵਿੱਚ ਹੈ ਜਿਵੇਂ ਕਿ ਭਾਈ ਨੇਵਿਲ ਨੇ ਹੁਣੇ ਹੀ ਲੂਕਾ 24 ਪੜ੍ਹਿਆ ਹੈ। ਅੱਜ ਰਾਤ ਮੇਰਾ ਵਿਸ਼ਾ ਹੈ, *ਜੀ ਉੱਠਣ ਦਾ ਸਬੂਤ।* ਅਤੇ ਹੁਣ, ਜਦ ਉਹ ਪੜ੍ਹ ਰਿਹਾ ਸੀ, ਇੱਥੇ ਬਹੁਤ ਸਾਰੀਆਂ ਗੱਲਾਂ ਸਨ ਜਿਹੜੀਆਂ ਉਸਨੇ ਕਹੀਆਂ ਹਨ ਜੋ ਕਿ ਮੈਂ ਦੱਸਣੀਆਂ ਚਾਹੁੰਦਾ ਹਾਂ। ਅਤੇ ਇਹ ਹੈ, ਪਹਿਲਾਂ, ਕਿ ਜੋ ਸੱਭ ਤੋਂ ਪਹਿਲਾਂ ਸਵੇਰੇ ਕਬਰ ਤੇ ਗਏ ਸਨ।

14 ਹੁਣ, ਕੋਈ ਪ੍ਰਵਾਹ ਨਹੀਂ ਉਹ ਕਿੰਨਾ ਕੁ ਮਰ ਗਿਆ, ਅਤੇ ਕਿੰਨੀ ਕੁ ਦਰਦ ਭਰੀ ਉਸਦੀ ਮੌਤ ਸੀ। ਜੇਕਰ ਕੋਈ ਜੀ ਉੱਠਣਾ ਨਹੀਂ ਹੈ ਤਾਂ ਉਹ ਸਿਰਫ ਇੱਕ ਮਨੁੱਖ ਸੀ ਜੋ ਮਰ ਗਿਆ।ਸਮਝੇ?

15 ਸਾਡੀ-ਸਾਡੀ ਦੁਨੀਆਂ ਵਿੱਚ ਬਹੁਤ ਸਾਰੇ ਮਹਾਨ ਮਨੁੱਖ ਹੋਏ ਹਨ ਜਿਹਨਾਂ ਨੇ ਮਹਾਨ ਦਾਅਵੇ ਕੀਤੇ ਹਨ।

16 ਉਦਾਹਰਣ ਲਈ, ਚੀਨ ਦਾ ਮਹਾਨ ਦਾਰਸ਼ਨਿਕ ਕਨਫੂਸੀਅਸ, ਜੋ ਲੱਗ ਭੱਗ ਤੇਈ ਸੌ ਸਾਲ ਪਹਿਲਾਂ ਮਰਿਆ ਸੀ।

17 ਜਪਾਨ ਦਾ ਮਹਾਨ ਨਬੀ- ਖੁਦਾ ਬੁੱਧ ਉਹ ਵੀ ਤਕਰੀਬਨ ਤੇਈ ਸੌ ਸਾਲ ਪਹਿਲਾਂ ਮਰ ਗਿਆ; ਉਸਨੇ ਮਹਾਨ ਕਥਨ ਕਹੇ ਪਰ ਉਹ ਮਰ ਗਿਆ। ਅਤੇ ਉਹ ਕਬਰ ਵਿੱਚ ਪਿਆ ਹੋਇਆ ਹੈ।

18 ਮੁਹੰਮਦ, ਮੈਨੂੰ ਉਸਦੀ ਕਬਰ ਤੇ ਜਾਣ ਦਾ ਮੌਕਾ ਮਿਲਿਆ ਹੈ, ਜਿੱਥੇ ਦੋ ਹਜ਼ਾਰ ਸਾਲਾਂ ਤੋਂ ਉਸ ਦੀ ਕਬਰ ਉੱਤੇ ਚਿੱਟਾ ਘੋੜਾ ਖੜ੍ਹਾ ਕਰਦੇ ਹਨ; ਹਰੇਕ ਚਾਰ ਘੰਟੇ ਬਾਦ ਸੁਰੱਖਿਆ ਕਰਮੀ ਬਦਲ ਜਾਂਦੇ ਹਨ, ਉਹ ਕਿਸੇ ਦਿਨ ਉਸਦੇ ਜੀ ਉੱਠਣ ਦੀ ਉਮੀਦ ਕਰ ਰਹੇ ਹਨ, ਕਿ ਉਹ ਘੋੜੇ ਤੇ ਸਵਾਰ ਹੋ ਕੇ ਸੰਸਾਰ ਵਿੱਚ ਜਾਵੇਗਾ ਅਤੇ ਦੁਨੀਆਂ ਨੂੰ ਜਿੱਤ ਲਵੇਗਾ।ਇਹ ਮੁਸਲਮਾਨਾਂ ਦੀ ਗੱਲ ਹੈ, ਜੋ ਕਿ ਗਿਣਤੀ ਵਿੱਚ ਦੁਨੀਆਂ ਦਾ ਸੱਭ ਤੋਂ ਵੱਡਾ ਧਰਮ ਹੈ।ਉਹ ਸਾਰੇ ਇਸਾਈਆਂ, ਕੈਥੋਲਿਕਾਂ ਨੂੰ ਮਿਲਾ ਕੇ ਗਿਣਤੀ ਵਿੱਚ ਵਧੇਰੇ ਹਨ। ਪਰ ਤਦ ਵੀ ਮੁਹੰਮਦ ਕਬਰ ਵਿੱਚ ਹੈ।

19 ਅਤੇ ਇਹ ਸਾਰੇ ਧਰਮ ਆਖਦੇ ਹਨ, ਜਦ ਅਸੀਂ ਇਹ ਕਹਿੰਦੇ ਹਾਂ, '' ਯਿਸੂ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ,'' ਉਹ ਕਹਿੰਦੇ ਹਨ, ''ਇਸਦਾ ਸਬੂਤ ਦਿਓ।'' ਅਤੇ ਅਸੀਂ ਕਹਿੰਦੇ ਹਾਂ, ''ਚੰਗਾ, ਉਹ ਸਾਡੇ ਦਿਲ ਵਿੱਚ ਜੀਉਂਦਾ ਹੈ।'' ਉਹ ਕਹਿੰਦੇ ਹਨ ਕਿ ਉਹਨਾਂ ਦਾ ਬਾਨੀ ਵੀ ਉਹਨਾਂ ਦੇ ਦਿਲ ਵਿੱਚ ਜੀਉਂਦਾ ਹੈ।

20 ਪ੍ਰੰਤੂ ਮੈਂ ਬਹੁਤ ਖੁਸ਼ ਹਾਂ ਕਿ ਆਪਣੇ ਜੀ ਉੱਠਣ ਦੇ ਸਬੂਤ ਦੀ, ਯਿਸੂ ਸਾਡੇ ਲਈ ਇੱਕ ਮਜ਼ਬੂਤ ਚੱਟਾਨ ਨੀਂਹ ਛੱਡ ਕੇ ਗਿਆ ਹੈ। ਸਾਨੂੰ ਹੈਰਾਨ ਹੋਣ ਦੀ ਲੋੜ ਨਹੀਂ ਹੈ। ਇਹ ਸੱਚਾਈ ਹੈ। ਅਦਭੁਤ ਗੱਲ ਇਹ ਹੈ ਕਿ ਬਹੁਤ ਸਾਰੇ ਲੋਕ ਇਸ ਨੂੰ ਨਹੀਂ ਵੇਖਦੇ ਹਨ। ਅਤੇ ਮੈਨੂੰ ਇਸ ਦੀ ਬੜੀ ਹੈਰਾਨੀ ਹੈ।ਅਤੇ ਅੱਜ ਰਾਤ ਮੈਂ ਵਚਨ ਦੁਆਰਾ ਇਸ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਿਹਾ ਹਾਂ।

21 ਹੁਣ, ਜੇ ਤੁਸੀਂ ਧਿਆਨ ਦਿਓ, ਸਵੇਰੇ ਤੜਕੇ ਉਹ ਕਬਰ ਤੇ ਸਨ। ਉਹ ਦੋ ਆਦਮੀਆਂ ਨੂੰ ਮਿਲੀਆਂ ਜੋ ਕਿ ਚਮਕੀਲੀ ਪੁਸ਼ਾਕ ਪਹਿਨੇ ਹੋਏ ਦੂਤ ਸਨ, ਜਿਹਨਾਂ ਨੇ ਉਹਨਾਂ ਨੂੰ ਕਿਹਾ ਕਿ ਉਹ ਸੀ ... ''ਤੁਸੀਂ ਜੀਉਂਦੇ – ਜੀਉਂਦੇ ਨੂੰ ਮੋਇਆਂ ਵਿੱਚ ਕਿਉਂ ਭਾਲਦੀਆਂ ਹੋ?''ਉਹ ਕਬਰ ਉੱਤੇ ਗਈਆਂ ਸਨ ਅਤੇ ਉਨ੍ਹਾਂ ਵੇਖਿਆ ਕਿ ਉਹ ਉੱਥੇ ਨਹੀਂ ਸੀ।ਅਤੇ ਉਹਨਾਂ ਨੇ ਉਹਨਾਂ ਕੋਲੋਂ ਇਹ ਮਹੱਤਵਪੂਰਣ ਸਵਾਲ ਪੁੱਛਿਆ, ਤੁਸੀਂ ਜੀਉਂਦੇ ਨੂੰ ਮੋਇਆਂ ਵਿੱਚ ਕਿਉਂ ਭਾਲਦੀਆਂ ਹੋ? ਅਤੇ ਉਸਨੇ ਕਿਹਾ, ਜਦ ... ''ਗਲੀਲ ਵਿੱਚ ਰਹਿੰਦਿਆਂ ਉਸਨੇ ਇਹ ਗੱਲਾਂ ਤੁਹਾਨੂੰ ਦੱਸੀਆਂ ਸਨ।''

22 ਹੁਣ, ਹੋ ਸੱਕਦਾ ਹੈ ਤੁਸੀਂ ਸ਼ਾਇਦ ਇਸਦਾ ਉੱਪਰਲਾ ਹਿੱਸਾ ਪੜ੍ਹਿਆ ਹੋਵੇ, ਪਰ ਆਓ ਥੋੜ੍ਹੀ ਦੇਰ ਲਈ ਇਸਦਾ ਅਧਿਐਨ ਕਰੀਏ।ਉਸਨੇ ਕਿਹਾ, ''ਗਲੀਲ ਵਿੱਚ ਰਹਿੰਦਿਆਂ ਉਸਨੇ ਇਹ ਗੱਲਾਂ ਤੁਹਾਨੂੰ ਦੱਸੀਆਂ ਸਨ।''ਉਹ ਇਸਨੂੰ ਕਿਉਂ ਨਹੀਂ ਸਮਝੇ ਸੀ? ਉਹ ਇਸਨੂੰ ਕਿਉਂ ਪ੍ਰਾਪਤ ਨਹੀਂ ਕਰ ਸਕੇ ਸਨ?

23 ਅਰ ਇੱਥੇ ਇਸਦੀ ਇੱਕ ਹੋਰ ਮਹਾਨਤਾ ਹੈ, ਕਿ, ਇਹ ਜਿਹਨਾਂ ਉਹ ਨੂੰ ਇਹ ਦੱਸਿਆ, ਜਾਂ ਇਹਨਾਂ ਚੇਲਿਆਂ ਨੂੰ ਦੱਸਿਆ, ਉਹ ਕਬਰ ਤੇ ਸਨ। ਉਹ ਵੀ ਜਰੂਰ ਗਲੀਲ ਵਿੱਚ ਉਸਦੇ ਨਾਲ ਸਨ, ਕਿਉਂਕਿ ਉਹ ਜਾਣਦੇ ਸਨ ਕਿ ਯਿਸੂ ਨੇ ਆਪਣੇ ਸਲੀਬ ਦਿੱਤੇ ਜਾਣ ਤੋਂ ਪਹਿਲਾਂ ਉਹਨਾਂ ਨੂੰ ਕੀ ਦੱਸਿਆ ਸੀ। ਔਹ, ਕਿੰਨੀ ਮੁਬਾਰਕ ਗੱਲ ਹੈ ! ਤੁਸੀਂ ਵੇਖਿਆ, ਉਹ ਚੇਲੇ ਨਹੀਂ ਜਾਣਦੇ ਸਨ ਕਿ ਉਹ ਦੂਤ ਉੱਥੇ ਸਨ, ਪਰ ਉਹ ਪ੍ਰਤੱਖ ਰੂਪ ਵਿੱਚ ਉੱਥੇ ਸਨ, ਕਿਉਂਕਿ ਉਹਨਾਂ ਨੇ ਕਿਹਾ, '' ਕੀ ਗਲੀਲ ਵਿੱਚ ਰਹਿੰਦਿਆਂ ਉਸਨੇ ਇਹ ਗੱਲਾਂ ਤੁਹਾਨੂੰ ਨਹੀਂ ਦੱਸੀਆਂ ਸਨ?''

24 ਅਤੇ ਇਹ ਪੂਰਾ ਕਰਦਾ ਹੈ ਜੋ ਵਚਨ ਨੇ ਆਖਿਆ ਹੈ, ਕਿ, ''ਪ੍ਰਮੇਸ਼ੁਰ ਦੇ ਦੂਤ ਉਹਨਾਂ ਦੇ ਦੁਆਲੇ ਛਾਉਣੀ ਲਗਾ ਕੇ ਰੱਖਦੇ ਹਨ, ਜਿਹੜੇ ਉਸ ਤੋਂ ਡਰਦੇ ਹਨ।''

25 ਅਤੇ ਇਹ ਕੇਡੀ ਮਹਾਨ ਗੱਲ ਹੈ, ਕਿ ਅੱਜ ਰਾਤ ਇਹ ਜਾਣਨਾ ਕਿ, ਬਿਲਕੁੱਲ ਇਸ ਵੇਲੇ ਇਸ ਇਮਾਰਤ ਵਿੱਚ ਇੱਥੇ ਦੂਤ ਹਨ ਜਿਹੜੇ ਧਿਆਨ ਲਗਾ ਕੇ

ਖੜ੍ਹੇ ਹਨ। ਅਤੇ ਹਰ ਇੱਕ ਸ਼ਬਦ ਜੋ ਅਸੀਂ ਕਹਿੰਦੇ ਹਾਂ, ਅਤੇ ਹਰ ਇੱਕ ਕੰਮ ਜਿਹੜਾ ਅਸੀਂ ਕਰਦੇ ਹਾਂ, ਉਹ ਜਾਣਦੇ ਹਨ।

26 ਅਤੇ ਇੱਥੇ ਇਸਦਾ ਧਰਮ ਗ੍ਰੰਥੀ ਸਬੂਤ ਹੈ। ਕਿਹਾ, ‘‘ਕੀ ਗਲੀਲ ਵਿੱਚ ਰਹਿੰਦਿਆਂ ਉਸਨੇ ਇਹ ਗੱਲਾਂ ਤੁਹਾਨੂੰ ਨਹੀਂ ਦੱਸੀਆਂ ਸਨ?’’ ਕਿਹਾ, ‘‘ਚੇਤੇ ਕਰੋ, ਕਿ ਉਸਨੇ ਇਹ ਗੱਲਾਂ ਤੁਹਾਨੂੰ ਦੱਸੀਆਂ ਸਨ।’’ ਇਹ ਸ਼ਬਦ, ‘‘ਚੇਤੇ ਕਰੋ,’’ ਇੱਕ ਇੱਕ ਅਦਭੁਤ ਸ਼ਬਦ ਹੈ।

27 ਅਤੇ ਔਹ, ਇਹ ਕਿੰਨੀ ਦੁੱਖ ਦੀ ਗੱਲ ਹੈ ਜਿਹੜੀ ਗੁਆਚਿਆਂ ਹੋਇਆਂ ਨਾਲ ਹੋਣ ਜਾ ਰਹੀ ਹੈ, ਕਿ ਆਪਣੇ ਨਾਸ਼ ਦੀ ਮੋਹਰ ਲਗਾਉਣ ਤੋਂ ਬਾਦ, ਅਤੇ ਆਪਣਾ ਆਖਰੀ ਸੰਦੇਸ਼ ਸੁਣ ਲੈਣ ਤੋਂ ਬਾਅਦ, ਅਤੇ ਗੁਆਚੇ ਹੋਏ, ਸ਼ੈਤਾਨ ਦੇ ਨਰਕ ਵਿੱਚ, ਕਿਸੇ ਵੀ ਤਰੀਕੇ ਨਾਲ ਤੌਬਾ ਦਾ ਮੌਕਾ ਨਹੀਂ ਹੋਵੇਗਾ; ਉਹਨਾਂ ਮੌਕਿਆ ਨੂੰ ਚੇਤੇ ਕਰਨ ਦਾ ਜਿਹੜੇ ਉਹਨਾਂ ਨੇ ਠੁਕਰਾ ਦਿੱਤੇ ਹਨ।

28 ਫਿਰ, ਤੁਸੀਂ ਮੈਨੂੰ ਕਹਿੰਦੇ ਹੋ, ‘‘ਪ੍ਰਚਾਰਕ, ਕੀ ਨਰਕ ਵਿੱਚ ਕੋਈ ਚੇਤਾ ਹੁੰਦਾ ਹੈ?’’ਯਿਸੂ ਨੇ ਕਿਹਾ ਕਿ ਹੁੰਦਾ ਹੈ।ਉਸਨੇ ਕਿਹਾ, ਨਰਕ ਵਿੱਚ ਧਨੀ ਆਦਮੀ ਨੇ ਆਪਣੀਆਂ ਅੱਖਾਂ ਨੂੰ ਉਤਾਂਹ ਨੂੰ ਚੁੱਕਿਆ, ਅਤੇ ਅਬਰਾਹਾਮ ਨੂੰ ਅਤੇ ਉਸਦੀ ਗੋਦ ਵਿੱਚ ਲਾਜਰ ਨੂੰ ਵੇਖਿਆ।‘‘ਅਤੇ ਉਸਨੇ ਕਿਹਾ, ‘‘ ਆਪਣੇ ਜੀਵਨ ਵਿੱਚ ਚੇਤੇ ਕਰ ...’’ ਉੱਥੇ ਚੇਤਾ ਹੁੰਦਾ ਹੈ।

29 ਅਤੇ ਗੁਆਚੇ ਹੋਏ ਲਈ, ਕਿਵੇਂ, ਉਸ ਲਈ ਇਹ ਜਾਣ ਕੇ ਕਿੰਨੀ ਭਿਆਨਕ ਗੱਲ ਹੋਵੇਗੀ, ਕਿ ਉਹ ਮਹਾਨ ਸੰਗਤੀ ਜਿਹੜੀ ਉਹਨਾਂ ਰੱਖੀ ਸੀ, ਅਤੇ ਪ੍ਰਮੇਸ਼ੁਰ ਦੇ ਮਸ੍ਹਾ ਕੀਤੇ ਹੋਏ ਸੇਵਕਾਂ ਕੋਲੋਂ ਜਬਰਦਸਤ ਸੰਦੇਸ਼ ਸੁਣੇ ਸਨ; ਅਤੇ ਸਿਰਫ ਇੰਨਾ ਹੀ ਨਹੀਂ, ਪਰ ਮਸ੍ਹਾ ਕੀਤੇ ਚਿੰਨ੍ਹ ਅਤੇ ਅਚੰਭੇ ਵੇਖੇ ਜਿਹੜੇ ਪ੍ਰਮੇਸ਼ੁਰ ਨੇ ਲੋਕਾਂ ਦੇ ਵਿੱਚਕਾਰ ਕੀਤੇ ਸਨ; ਅਤੇ ਫਿਰ ਇਹਨਾਂ ਸਾਰੀਆਂ ਚੇਤਾਵਨੀਆਂ ਨੂੰ ਚੇਤੇ ਕੀਤਾ, ਅਤੇ ਫਿਰ ਵੀ ਨਾਸ਼ ਹੋ ਗਏ।ਕਿਵੇਂ, ਇਹ ਉਹਨਾਂ ਨੂੰ ਜੀਵਨ ਭਰ ਸਤਾਵੇਗਾ।

30 ਬਾਈਬਲ ਸਾਨੂੰ ਦੱਸਦੀ ਹੈ, ਕਿ ਯਿਸੂ ਦੀ ਮੌਤ ਤੋਂ ਬਾਦ, ‘‘ਉਹ ਗਿਆ ਅਤੇ ਉਸਨੇ ਉਹਨਾਂ ਰੂਹਾਂ ਨੂੰ, ਜਿਹੜੀਆਂ ਕੈਦ ਵਿੱਚ ਸਨ ਜਿਹਨਾਂ ਨੂਹ ਦੇ ਧੀਰਜ਼ ਦੇ ਦਿਨਾਂ ਵਿੱਚ ਤੌਬਾ ਨਹੀਂ ਕੀਤੀ ਸੀ, ਪ੍ਰਚਾਰ ਕੀਤਾ।’’ ਅਤੇ ਉਹਨਾਂ ਦੇ ਚੇਤੇ ਵਿੱਚ ਲਿਆਂਦਾ ਕਿ ਨੂਹ, ਅਤੇ ਹਨੋਕ, ਅਤੇ ਉਹਨਾਂ ਦੇ ਸਮੇਂ ਦੇ ਮਹਾਨ ਨਬੀਆਂ ਨੇ ਗਵਾਹੀ ਦਿੱਤੀ ਸੀ ਕਿ ਮਸੀਹਾ ਆ ਰਿਹਾ ਹੈ, ਅਤੇ ਉਹਨਾਂ ਨੇ ਸੰਦੇਸ਼ ਨੂੰ ਰੱਦ ਦਿੱਤਾ ਸੀ।

31 ਔਹ, ਮੇਰੇ ਗੁਆਚੇ ਹੋਏ, ਮਿੱਤਰ, ਉਸ ਦਿਨ, ਚੇਤਾ ਕਰਕੇ, ਤੇਰੇ ਲਈ, ਇਹ ਬੜੀ ਭਿਆਨਕ ਗੱਲ ਹੋਵੇਗੀ। ਜਦ ਤੁਸੀਂ ਇੱਥੇ ਮਰ ਜਾਂਦੇ ਹੋ, ਤੁਹਾਡੇ ਕੰਮ ਨਾਲ ਜਾਂਦੇ ਹਨ। ਅਤੇ ਉਹ ਜਾਂ ਤਾਂ ਅਨੰਤਤਾ ਤੱਕ ਤੁਹਾਨੂੰ ਸਤਾਉਣਗੇ ਜਾਂ ਫਿਰ ਅਨੰਤਤਾ ਤੱਕ ਤੁਹਾਨੂੰ ਮੁਬਾਰਕ ਬਣਾਉਣਗੇ।

32 ਪਰ ਯਾਦ ਰੱਖੋ, ਇਹ ਜਰੂਰ ਹੀ ਕਿੰਨੀ ਮਹਾਨ ਗੱਲ ਹੋਵੇਗੀ, ਅਤੇ ਉਹਨਾਂ ਲਈ ਜੋ ਬਚੇ ਹੋਏ ਹਨ, ਅਨੰਦ ਹੋਵੇਗਾ, ਇਹ ਦੂਤ ਜਿਹੜੇ ਅੱਜ ਰਾਤ ਇਸ ਇਮਾਰਤ ਵਿੱਚ ਹਨ, ਅਤੇ ਸੱਚਾਈ ਨੂੰ ਸਾਹਮਣੇ ਲਿਆ ਸੱਕਦੇ ਹਨ, ਇਹਨਾਂ ਮਹਾਨ ਸੰਗਤਾਂ ਅਤੇ ਸਮਿਆਂ ਨੂੰ ਚੇਤੇ ਲਿਆ ਸੱਕਦੇ ਹਨ, ਅਤੇ ਮਹਾਨ ਅਨੰਦ ਨੂੰ, ਜੋ ਸਾਡਾ ਇਕੱਠਿਆਂ ਦਾ ਹੈ।ਦੋਹਾਂ ਝੁੰਡਾਂ ਲਈ, ਬਚੇ ਹੋਏ ਅਤੇ ਨਾ ਬਚੇ ਹੋਇਆਂ ਲਈ ਅੱਗੇ ਇਹ ਕਿਹਾ ਹੀ ਸਮਾਂ ਹੋਵੇਗਾ !

33 ਪ੍ਰਮੇਸ਼ੁਰ ਭਲਾ ਪ੍ਰਮੇਸ਼ੁਰ ਹੈ।ਉਹ ਬਹੁਤ ਲੰਬਾ ਸਮਾਂ ਧੀਰਜ਼ ਕਰਨ ਵਾਲਾ ਹੈ ! ਉਹ ਕੋਮਲਤਾ ਅਤੇ ਨਮਰਤਾ ਅਤੇ ਸੰਜਮ ਨਾਲ ਪੂਰੀ ਤਰ੍ਹਾਂ ਭਰਿਆ ਹੋਇਆ ਹੈ ! ‘‘ ਉਹ ਨਹੀਂ ਚਾਹੁੰਦਾ ਕਿ ਕਿਸੇ ਦਾ ਵੀ ਨਾਸ਼ ਹੋਵੇ।’’ ਅਤੇ ਮਨੁੱਖਾਂ ਨੂੰ ਨਾਸ਼ ਹੋਣ ਤੋਂ ਬਚਾਉਣ ਲਈ, ਉਹ ਜੋ ਕੁਝ ਵੀ ਕਰ ਸੱਕਦਾ ਹੈ ਉਸਨੇ ਉਹ ਕਰ ਦਿੱਤਾ ਹੈ। ਪਰ ਤਾਂ ਵੀ ਉਹ ਨਾਸ਼ ਹੋਣਗੇ, ਕਿਉਂਕਿ ਉਹ ਨਿਹਚਾ ਨਹੀਂ ਕਰਦੇ।

34 ਹੁਣ, ਅੱਜ ਰਾਤ ਆਪਣੇ ਅਧਿਐਨ ਵਿੱਚ ਅਸੀਂ ਦੋ ਆਦਮੀਆਂ ਨੂੰ ਜੀ ਉੱਠਣ ਤੋਂ ਬਾਦ ਵੇਖਦੇ ਹਾਂ। ਅਤੇ ਬਹੁਤ ਸਾਰੇ ਆਏ ਸਨ ਅਤੇ ਉਹਨਾਂ ਨੇ ਖਾਲ੍ਹੀ ਕਬਰ ਬਾਰੇ ਦੱਸਿਆ ਸੀ, ਅਤੇ ਕਿਹਾ ਸੀ ਕਿ ਉਸਦੀ ਲਾਸ਼ ਉੱਥੇ ਨਹੀਂ ਸੀ। ਅਤੇ ਕੁਝ ਔਰਤਾਂ ਨੇ ਕਿਹਾ ਸੀ ਕਿ ਉਹਨਾਂ ਨੇ ਦੂਤਾਂ ਦਾ ਦਰਸ਼ਨ ਵੇਖਿਆ ਸੀ, ਜਿਹਨਾਂ ਨੇ ਉਹਨਾਂ ਨੂੰ ਕਿਹਾ ਕਿ, ‘‘ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ।’’ ਪਰ ਇਸ ਸਾਰੇ ਸੰਦੇਸ਼ ਦੇ ਬਾਵਜੂਦ ਇਹਨਾਂ ਲੋਕਾਂ ਨੇ ਨਿਹਚਾ ਨਹੀਂ ਕੀਤੀ ਸੀ, ਅਤੇ ਨਿਰਾਸ਼ ਹੋ ਗਏ ਸਨ, ਅਤੇ ਘਰਾਂ ਨੂੰ ਮੁੜ ਗਏ ਸਨ।

35 ਅਤੇ ਪਹਿਲੇ ਈਸਟਰ ਦੇ ਬਾਰੇ ਵਿੱਚ ਸੋਚਣਾ, ਪਹਿਲੀ ਖ਼ੂਬਸੂਰਤ ਈਸਟਰ ਦੀ ਸਵੇਰ ਦੇ ਫੁੱਟਣ ਸਮੇਂ, ਯਿਸੂ ਲੋਕਾਂ ਵਿੱਚਕਾਰ ਜੀਉਂਦਾ ਹੈ ਅਤੇ , ਇਹ ਨਿਰਾਸ਼ ਹੋਏ ਹਾ ਰਹੇ ਹਨ, ਦੁਖੀ ਹਿਰਦਿਆਂ ਨਾਲ ਰਾਹ ਉੱਤੇ ਤੁਰੇ ਜਾ ਰਹੇ ਹਨ, ਅਤੇ ਸਲੀਬ ਦਿੱਤੇ ਜਾਣ ਤੋਂ ਪ੍ਰੇਸ਼ਾਨੀ ਵਿੱਚ ਸਨ। ਅਤੇ ਜਦ ਉਹ ਜਾ ਰਹੇ ਸਨ, ਅਸੀਂ ਵੇਖਦੇ ਹਾਂ ਕਿ ਕੋਈ ਸੜਕ ਦੇ ਕਿਨਾਰੇ ਤੋਂ ਉਹਨਾਂ ਦੇ ਨਾਲ ਆ ਰਲਿਆ ਅਤੇ ਉਹਨਾਂ ਦੇ ਨਾਲ ਚੱਲਣਾ ਸ਼ੁਰੂ ਕਰ ਦਿੱਤਾ।ਅਤੇ ਉਹ ਨਹੀਂ ਜਾਣਦੇ ਸਨ ਕਿ ਉਹ ਕੌਣ ਸੀ, ਕਿਉਂਕਿ ਵਚਨ ਆਖਦਾ ਹੈ ਕਿ ਉਹਨਾਂ ਦੇ ਨੇਤਰ ਬੰਦ ਕਰ ਦਿੱਤੇ ਗਏ ਸਨ।

36 ਔਹ, ਇਹ ਹੀ ਹੈ ਜਿੱਥੇ ਮੈਂ ਚਾਹੁੰਦਾ ਹਾਂ ਕਿ ਤੁਸੀਂ ਵੇਖੋ। ਇਹ ਹੀ ਕੁਝ ਨਹੀਂ ਜੋ ਘਟਿਆ ਸੀ, ਪਰ ਇਹ ਇੱਕ ਭਵਿੱਖਬਾਣੀ ਸੀ।ਅਤੇ ਕਿਸੇ ਚੀਜ਼ ਦਾ ਪ੍ਰਤਿਬਿੰਬ ਸੀ ਜੋ ਕਿ ਹੋਣ ਜਾ ਰਿਹਾ ਸੀ।

37 ਤੁਸੀਂ ਜਾਣਦੇ ਹੋ ਸਾਡਾ ਮੁਬਾਰਕ ਪ੍ਰਭੂ ਕਦੇ ਵੀ ਕੋਈ ਕੰਮ ਬਿਨਾਂ ਮਤਲਬ ਦੇ ਨਹੀਂ ਕਰਦਾ ਹੈ। ਹਰ ਕੰਮ ਜਿਹੜਾ ਉਸਨੇ ਕੀਤਾ ਉਸਦਾ ਮਤਲਬ ਸੀ। ਹਰ ਕੰਮ ਜਿਹੜਾਂ ਉਸਨੇ ਕੀਤਾ ਉਹ ਅਨੰਤਤਾ ਲਈ ਸੀ; ਹਰੇਕ ਕਾਰਵਾਈ, ਹਰੇਕ ਗਤੀ, ਹਰੇਕ ਵਚਨ, ਇਹ ਕਦੇ ਨਹੀਂ ਮਰਿਆ। ਔਹ, ਮੈਂ ਇਸ ਲਈ ਬਹੁਤ ਹੀ ਅਨੰਦ ਹਾਂ। ਜੋ ਕੁਝ ਵੀ ਤੁਹਾਡੇ ਅੰਦਰ ਹੈ ਉਸ ਨਾਲ, ਤੁਸੀਂ ਬਸ ਇਸ ਤੇ ਆਸਰਾ ਰੱਖ ਸੱਕਦੇ ਹੋ, ਅਤੇ ਇਹ ਪ੍ਰਗਟ ਕਰ ਦਿੱਤਾ ਜਾਵੇਗਾ।

38 ਅਤੇ ਜਦ ਉਹ ਰਾਹ ਦੇ ਕਿਨਾਰੇ ਜਾ ਰਹੇ ਸਨ, ਇੱਕ ਅਜਨਬੀ ਆਦਮੀ ਚੱਲਦਾ ਬਾਹਰ ਆਇਆ। ਅਤੇ ਉਹਨਾਂ, ਉਸਨੇ- ਉਸਨੇ ਉਹਨਾਂ ਨੂੰ ਕਿਹਾ, ‘‘ਤੁਸੀਂ ਇੰਨੇ ਉਦਾਸ ਕਿਉਂ ਹੋ?’’ ਉਹਨਾਂ ਨੂੰ ਖੁਸ਼ ਹੋਣਾ ਚਾਹੀਦਾ ਸੀ। ਕਿਹਾ, ‘‘ਤੁਸੀਂ ਇੰਨੇ ਦੁਖੀ ਕਿਉਂ ਹੋ? ਅਤੇ ਇਹ ਗੱਲਾਂ ਕੀ ਹਨ ਜਿਹੜੀਆਂ ਤੁਸੀਂ ਕਰ ਰਹੇ ਹੋ?’’ ਅਤੇ ਉਸਨੇ ਕਿਹਾ ...

39 ਉਹਨਾਂ ਮੁੜ ਕੇ ਉਸਨੂੰ ਕਿਹਾ, ‘‘ਕੀ ਤੂੰ ਯਰੂਸ਼ਲਮ ਵਿੱਚ ਓਪਰਾ ਹੈਂ? ਕੀ ਤੂੰ ਉਹਨਾਂ ਗੱਲਾਂ ਨੂੰ ਨਹੀਂ ਜਾਣਦਾ ਜਿਹੜੀਆਂ ਹੋ ਰਹੀਆਂ ਹਨ? ਸਾਡੇ ਕੋਲ ਨਾਸਰਤ ਦੇ ਯਿਸੂ ਨਾਮ ਦਾ ਇੱਕ ਨਬੀ ਸੀ। ਅਤੇ ਸਾਨੂੰ ਉਸ ਵਿੱਚ ਉਮੀਦ ਸੀ ਕਿ ਉਹ ਛੁਟਕਾਰਾ ਦੇਣ ਵਾਲਾ ਹੋਵੇਗਾ। ਪਰ ਇਹ ਤੀਜਾ ਦਿਨ ਹੈ; ਅਤੇ ਸਾਡੇ ਲੋਕਾਂ ਨੇ ਉਸਨੂੰ ਸਲੀਬ ਉੱਤੇ ਚੜ੍ਹਾ ਦਿੱਤਾ।’’

40 ਅਤੇ ਉਹਨਾਂ ਨੇ ਉਸ ਬਾਰੇ ਕਹਾਣੀ ਦੱਸਣੀ ਸ਼ੁਰੂ ਕਰ ਦਿੱਤੀ ਕੀ ਕੁਝ ਹੋਇਆ ਸੀ, ਕਿਵੇਂ ਉਹ ਮਰ ਗਿਆ, ਕਿਵੇਂ ਉਹ ਉਮੀਦ ਕਰਦੇ ਸਨ ਕਿ ਉਹ ਮਹਾਨ ਛੁਟਕਾਰਾ ਦੇਣ ਵਾਲਾ ਹੈ, ਪ੍ਰੰਤੂ ਕਿਵੇਂ ਅੱਤ ਮਹਾਨ ਦਾ ਉਹ ਨਬੀ ਉੱਥੇ ਤਰਸ ਯੋਗ ਹਾਲਤ ਵਿੱਚ ਖੜ੍ਹਾ ਸੀ, ਉਸ ਦੇ ਮੂੰਹ ਉੱਤੇ ਥੁੱਕ ਸੀ, ਅਤੇ ਸਿਪਾਹੀਆਂ ਨੇ ਉਸ ਦੇ ਸਿਰ ਉੱਤੇ ਕੱਪੜੇ ਦਾ ਟੁਕੜਾ ਰੱਖਿਆ, ਅਤੇ ਉਸ ਦੀਆਂ ਅੱਖਾਂ ਨੂੰ ਬੰਨ੍ਹਿਆਂ ਅਤੇ ਉਸ ਦੇ ਸਿਰ ਉੱਤੇ ਡੰਡੇ ਨਾਲ ਮਾਰਿਆ, ਅਤੇ ਕਿਹਾ, ‘‘ ਤੂੰ ਭਵਿੱਖਬਾਣੀ ਕਰਨ ਵਾਲੇ, ਹੁਣ ਭਵਿੱਖਬਾਣੀ ਕਰ, ਅਤੇ ਸਾਨੂੰ ਦੱਸ ਕਿ ਤੈਨੂੰ ਕਿਸ ਨੇ ਮਾਰਿਆ ਹੈ। ਅਸੀਂ ਤੇਰੇ ਉੱਤੇ ਵਿਸ਼ਵਾਸ ਕਰ ਲਵਾਂਗੇ।’’ ਇਹ ਲੋਕਾਂ ਦੇ ਸਮਝ ਸਕਣ ਤੋਂ ਕਿਤੇ ਵੱਧ ਕੇ ਸੀ।ਉਹ ਸੋਚ ਰਹੇ ਸਨ ਕਿ ਮਸੀਹਾ ਇਸ ਤੋਂ ਕੁਝ ਵੱਖਰਾ ਹੋਵੇਗਾ।

41 ਅਤੇ ਕੀ ਅੱਜ ਦੀ ਇਹ ਹੀ ਸੱਚੀ ਤਸਵੀਰ ਨਹੀਂ ਹੈ। ਲੋਕ ਪ੍ਰਮੇਸ਼ੁਰ ਦੇ ਰਾਜ ਦੀ ਉਮੀਦ ਉਸ ਤੋਂ ਵੱਖਰੀ ਕਰ ਰਹੇ ਹਨ ਜੋ ਕਿ ਇਹ ਅਸਲ ਵਿੱਚ ਹੈ। ਉਹ ਇਸਦੇ ਚਮਕ ਦਮਕ ਨਾਲ ਆਉਣ ਦੀ ਉਮੀਦ ਕਰ ਰਹੇ ਹਨ। ਉਹ ਇਸ ਦੀ ਵੈਟੀਕਨ ਸਿਟੀ ਜਾਂ ਕਿਸੇ ਮਹਾਨ ਕੈਥੀਡਰਲ ਵਿੱਚ ਜੀਉਂਦਾ ਹੋਣ ਦੀ ਉਮੀਦ ਕਰ ਰਹੇ ਹਨ। ਪ੍ਰੰਤੂ ਕਿਉਂਕਿ ਉਹ ਇਸਨੂੰ ਗਰੀਬ, ਅਨਪੜ੍ਹ ਨਿਮਰ ਦਿਲਾਂ ਵਾਲੇ ਲੋਕਾਂ ਵਿੱਚਕਾਰ ਲਿਆਇਆ ਹੈ, ਇਸ ਨੇ ਬੁੱਧੀਮਾਨਾਂ ਅਤੇ ਸਮਝਦਾਰਾਂ ਦੀਆਂ ਅੱਖਾਂ ਅੰਨ੍ਹੀਆਂ ਕਰ ਦਿੱਤੀਆਂ ਹਨ।

42 ਔਹ, ਉਸ ਔਰਤ ਲਈ ਇਹ ਕਿੰਨੇ ਠੱਠੇ ਅਤੇ ਮਖੌਲ ਵਾਲੀ ਗੱਲ ਸੀ ਜੋ ਆਪਣੇ ਵਾਲਾਂ ਨਾਲ ਉਸਦੇ ਪੈਰਾਂ ਨੂੰ ਸਾਫ ਕਰ ਰਹੀ ਸੀ, ਜਿਸ ਤਰ੍ਹਾਂ ਇੱਕ ਸੱਚੇ ਵਿਸ਼ਵਾਸੀ ਨੇ ਕੀਤਾ ਸੀ। ਉਸਨੂੰ ਉੱਥੇ ਸਲੀਬ ਤੇ ਲਟਕਦੇ, ਉਸਦੇ ਹੱਥ ਸਲੀਬ ਤੇ ਕਿੱਲਾਂ ਨਾਲ ਗੱਡੇ ਹੋਏ ਵੇਖਣਾ ਕਿੰਨੇ ਠੱਠੇ ਵਾਲੀ ਗੱਲ ਸੀ, ਅਤੇ ਮਹਾਂ ਜਾਜਕ ਨੂੰ ਕਹਿੰਦੇ ਸੁਣਨਾ, ਕਿਹਾ, ''ਹੁਣ, ਜੇ ਤੂੰ ਪ੍ਰਮੇਸ਼ੁਰ ਦਾ ਪੁੱਤਰ ਹੈਂ ਤਾਂ ਇੱਥੇ ਚਮਤਕਾਰ ਕਰਕੇ ਵਿਖਾ।ਬਸ ਆਪਣੇ ਹੱਥਾਂ ਨੂੰ ਢਿੱਲਾ ਕਰ ਅਤੇ ਸਲੀਬ ਉੱਤੋਂ ਹੇਠਾਂ ਉੱਤਰ ਆ, ਅਤੇ ਅਸੀਂ ਤੇਰੇ ਤੇ ਵਿਸ਼ਵਾਸ ਕਰ ਲਵਾਂਗਾ।''

43 ਹੁਣ, ਸੁਭਾਵਕ ਆਦਮੀ; ਸ਼ਰੀਰਕ ਆਦਮੀ, ਚਰਚ ਦੇ ਵਿਅਕਤੀ, ਨਕਲੀ ਵਿਸ਼ਵਾਸੀ ਦੇ ਮਨ ਵਿੱਚ। ਕਿਉਂਕਿ ਹਰ ਇੱਕ ਸੰਗਤੀ ਵਿੱਚ ਤਿੰਨ ਵੱਖ- ਵੱਖ ਕਿਸਮ ਦੇ ਲੋਕ ਹੁੰਦੇ ਹਨ, ਉਹ ਹਨ ; ਸੱਚਾ ਵਿਸ਼ਵਾਸੀ, ਅਤੇ ਨਕਲੀ ਵਿਸ਼ਵਾਸੀ, ਅਤੇ ਅਵਿਸ਼ਵਾਸੀ। ਹਰ ਇੱਕ ਸੰਗਤ ਵਿੱਚ ਇਹ ਹੁੰਦੇ ਹਨ।

44 ਅਤੇ ਇਸ ਆਦਮੀ ਦੇ ਬਾਰੇ ਵਿੱਚ ਸੋਚਣਾ। ਜਿਸਨੇ ਅੰਨ੍ਹਿਆ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਸਨ, ਬੋਲ੍ਹਿਆਂ ਦੇ ਕੰਨਾਂ ਨੂੰ ਖੋਲ੍ਹ ਦਿੱਤਾ ਸੀ, ਅਤੇ ਆਦਮੀ ਨੂੰ ਮੁਰਦਿਆਂ ਵਿੱਚੋਂ ਜੀਉਂਦਾ ਕਰ ਦਿੱਤਾ ਸੀ, ਜੋ ਚਾਰ ਦਿਨਾ ਤੋਂ ਮਰ ਗਿਆ ਸੀ, ਅਤੇ ਇਸ ਤਰ੍ਹਾਂ ਦੀ ਟਿੱਪਣੀ ਕੀਤੀ ਜਿਹੜੀ ਕਿ ਉਸਨੇ ਕੀਤੀ ਸੀ, ਅਤੇ ਫਿਰ ਉੱਥੇ ਲਟਕਿਆ ਹੋਇਆ ਸੀ, ਉਸਦੇ ਮੂੰਹ ਉੱਤੇ ਥੁੱਕਿਆ ਹੋਇਆ ਸੀ, ਅਤੇ ਮਹਾਂ ਜਾਜਕ ਉਸਨੂੰ ਖਿਝਾ ਰਿਹਾ ਸੀ ਅਤੇ ਉਸਨੂੰ ਇਹ ਗੱਲਾਂ ਕਹਿ ਰਿਹਾ ਸੀ, ਅਤੇ ਉਸਨੇ ਕਦੇ ਵੀ ਆਪਣਾ ਮੂੰਹ ਨਹੀਂ ਖੋਲ੍ਹਿਆ, ਅਤੇ ਮੁੜ ਕੇ ਵਾਦ ਵਿਵਾਦ ਲਈ ਕੁਝ ਨਹੀਂ ਕਿਹਾ। ਕਿਉਂਕਿ ਉਸਨੇ ਕਿਹਾ, ''ਮੈਂ ਉਹ ਹੀ ਕਰਦਾ ਹਾਂ ਜੋ ਹਮੇਸ਼ਾਂ ਪਿਤਾ ਨੂੰ ਪਸੰਦ ਆਉਂਦਾ ਹੈ।''ਅਤੇ ਇਹ ਪ੍ਰਮੇਸ਼ੁਰ ਨੂੰ ਪਸੰਦ ਸੀ ਕਿ ਇਹ ਹੋਣ ਦੇਵੇ।

45 ਹੁਣ ਅਸੀਂ ਥੋੜ੍ਹੀ ਦੇਰ ਲਈ ਉਸਨੂੰ ਵੇਖਦੇ ਹਾਂ। ਹੁਣ, ਇਹ ਚੇਲੇ, ਉਹ ਸਮਝ ਨਹੀਂ ਸਕੇ ਸਨ ਇਹ ਕਿਉਂ ਜਰੂਰੀ ਕੀਤਾ ਜਾਣਾ ਸੀ।ਸੋ ਜਦ ਉਹ ਜਾ ਰਹੇ ਸਨ ਅਤੇ ਕਹਾਣੀ ਦੱਸਣੀ ਸ਼ੁਰੂ ਕਰ ਦਿੱਤੀ, ਫਿਰ ਯਿਸੂ ਉਹਨਾਂ ਨੂੰ ਰੋਕਦਾ ਹੈ। ਤੁਸੀਂ

ਵੇਖੋ, ਉਹ ਉਹਨਾਂ ਤੇ ਪ੍ਰਗਟ ਹੋਇਆ ਜਦ ਉਹ ਉਸਦੇ ਬਾਰੇ ਵਿੱਚ ਗੱਲਾਂ ਕਰ ਰਹੇ ਸਨ।

46 ਅਤੇ ਇਹ ਹੀ ਕਾਰਨ ਹੈ ਕਿ ਉਹ ਅੱਜ ਬਹੁਤ ਸਾਰੇ ਚਰਚ ਦੇ ਲੋਕਾਂ ਤੇ ਪ੍ਰਗਟ ਨਹੀਂ ਹੁੰਦਾ, ਕਿਉਂਕਿ ਉਹ ਉਸ ਬਾਰੇ ਜਿਆਦਾ ਗੱਲਾ ਨਹੀਂ ਕਰਦੇ ਹਨ। ਚਰਚ ਹਮੇਸ਼ਾਂ ਕੁਝ ਵੱਡੇ ਕੰਮਾਂ ਬਾਰੇ ਹੀ ਗੱਲਾਂ ਕਰਦਾ ਹੈ ਜੋ ਉਹ ਕਰ ਰਹੇ ਹੁੰਦੇ ਹਨ, ਕੁਝ ਵੱਡੀਆਂ ਸਮਾਜਿਕ ਪਾਰਟੀਆਂ ਜਾਂ ਕੁਝ ਪਿਕਨਿਕਾਂ ਬਾਰੇ ਜਿੱਥੇ ਉਹ ਜਾ ਰਹੇ ਹਨ, ਜਾਂ ਕੁਝ ਨਵੇਂ ਕਿਸੇ ਬਾਰੇ ਜੋ ਕਿ ਉਹ ਕਰਨ ਜਾ ਰਹੇ ਹੁੰਦੇ ਹਨ, ਕਿਸੇ ਉੱਚੇ ਵਰਗਾਂ ਦੇ ਬਾਰੇ ਵਿੱਚ। ਚਰਚ ਉੱਤੇ ਉੱਚ ਵਰਗ ਦੇ ਸਮਾਜਾਂ ਦਾ ਇੰਨਾ ਭਾਰ ਹੈ ਕਿ ਉਹਨਾਂ ਕੋਲ ਮਸੀਹ ਲਈ ਕੋਈ ਜਗ੍ਹਾ ਨਹੀਂ ਬਚੀ ਹੈ।

47 ਅਸਲੀ ਕਲੀਸਿਯਾ ਹਮੇਸ਼ਾਂ ਹੀ ਇਹਨਾਂ ਸਾਰੇ ਉੱਚ ਵਰਗਾਂ ਦੇ ਭਾਰ ਤੋਂ ਅਜਾਦ ਹੈ, ਅਤੇ ਉਹ ਜਿਹੜੇ ਉਸਨੂੰ ਪਿਆਰ ਕਰਦੇ ਹਨ ਅਤੇ ਉਸਨੂੰ ਜਾਣਦੇ ਹਨ, ਹਰ ਇੱਕ ਚੀਜ਼ ਨੂੰ ਉਹ ਪ੍ਰਾਰਥਨਾ ਸਭਾ ਵਿੱਚ ਬਦਲ ਦਿੰਦੇ ਹਨ।

48 ਅਤੇ ਇੱਥੇ ਉਹ ਸੀ।ਉਹ ਉਸਦੇ ਬਾਰੇ ਵਿੱਚ ਗੱਲਾਂ ਕਰ ਰਹੇ ਸਨ ਜਦ ਉਹ ਪ੍ਰਗਟ ਹੋਇਆ।

49 ਜੇ ਅਸੀਂ ਆਪਣੇ ਗੁਆਂਢੀ ਬਾਰੇ ਗੱਲਾਂ ਕਰਨੀਆਂ ਛੱਡ ਦੇਈਏ, ਅਤੇ ਚਰਚ ਵਿੱਚ ਪਖੰਡੀਆਂ ਬਾਰੇ ਗੱਲਾਂ ਕਰਨੀਆਂ ਛੱਡ ਦਈਏ, ਅਤੇ ਯਿਸੂ ਦੇ ਬਾਰੇ ਵਿੱਚ ਜਿਆਦਾ ਗੱਲਾਂ ਕਰੀਏ, ਸਾਡੇ ਵਿੱਚ ਉਸਦਾ ਪ੍ਰਗਟ ਹੋਣਾ ਫਿਰ ਵੱਧ ਹੋਵੇਗਾ; ਪ੍ਰਚਾਰਕ ਦੀਆਂ ਗਲਤੀਆਂ ਬਾਰੇ ਗੱਲਾਂ ਕਰਨੀਆਂ ਛੱਡ ਦਈਏ, ਕਿਸੇ ਹੋਰ ਚੀਜ਼ ਦੀਆਂ ਗਲਤੀਆਂ ਬਾਰੇ ਗੱਲਾਂ ਕਰਨੀਆਂ ਛੱਡ ਦਈਏ। ਅਤੇ ਬਸ ਯਿਸੂ ਬਾਰੇ ਹੀ ਗੱਲਾਂ ਕਰੀਏ, ਫਿਰ ਹੋਰ ਵੱਧ ਘਟਨਾਵਾਂ ਘਟਣਗੀਆਂ।

ਹੁਣ, ਅਤੇ ਜਦ ਉਹ ਗੱਲਾਂ ਕਰ ਰਹੇ ਸਨ, ਉਹ ਪ੍ਰਗਟ ਹੋ ਗਿਆ।

50 ਅਤੇ ਫਿਰ ਧਿਆਨ ਦਿਓ, ਜਦ ਉਹ ਪ੍ਰਗਟ ਹੁੰਦਾ ਹੈ, ਉਹ ਤੁਹਾਡੇ ਪਾਸੇ ਵੱਲ ਹੋਣਾ ਸ਼ੁਰੂ ਨਹੀਂ ਕਰ ਦਿੰਦਾ ਹੈ।‘‘ਔਹ, ਇਹ ਸਹੀ ਹੈ। *ਇਸਨੂੰ* ਬਾਹਰ ਕੱਢ ਦੇਣਾ ਚਾਹੀਦਾ ਹੈ। ਅਤੇ *ਇਸਨੂੰ* ਨਵਾਂ ਪਾਦਰੀ ਚਾਹੀਦਾ ਹੈ। ਜਾਂ *ਇਸ* ਗੁਆਂਢੀ ਨੇ ਤੁਹਾਡੇ ਨਾਲ ਮਾੜੀ ਕੀਤੀ ਹੈ।’’

51 ਵੇਖੋ, ਜਿਉਂ ਹੀ ਉਹ ਪ੍ਰਗਟ ਹੋਇਆ, ਉਸਨੇ ਵਚਨ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਪ੍ਰਮੇਸ਼ੁਰ ਦਾ ਸੱਚਾ ਸੇਵਕ ਹਮੇਸ਼ਾ ਵਚਨ ਵੱਲ ਜਾਂਦਾ ਹੈ। ਉਸਨੇ ਕਿਹਾ, ‘‘

ਹੇ, ਮੂਰਖੋ, ਅਤੇ ਜੋ ਮਸੀਹ ਦੇ ਬਾਰੇ ਵਿੱਚ ਨਬੀਆਂ ਨੇ ਕਿਹਾ ਹੈ ਉਹਨਾਂ ਦੀਆਂ ਸਾਰੀਆਂ ਗੱਲਾਂ ਮੰਨਣ ਵਿੱਚ ਦਿਲ ਦੇ ਢਿੱਲਿਓ।'' ਵੇਖੋ, ਕਿਵੇਂ ਉਹ ਇਸਨੂੰ ਅੰਦਰ ਲੈ ਕੇ ਆਇਆ? ਕੀ ਤੁਸੀਂ ਇੰਨੇ ਢਿੱਲੇ ਅਤੇ ਮੂਰਖ ਹੋ, ਕੀ ਤੁਸੀਂ ਵਿਸ਼ਵਾਸ ਨਹੀਂ ਕਰਦੇ ਹੋ ਜੋ ਨਬੀਆਂ ਨੇ ਕਿਹਾ ਹੈ?''

52 ਕੀ ਹੋਵੇ, ਜੇ ਉਹ ਅੱਜ ਰਾਤ ਪ੍ਰਗਟ ਹੋ ਜਾਵੇ? ਮੈਂ ਬਸ ਇਹ ਪੁੱਛਣਾ ਚਾਹਾਂਗਾ। ਅੱਜ ਰਾਤ ਉਹ ਬਰਾਨਹਾਮ ਟੈਬਰਨੈਂਕਲ ਵਿੱਚ ਕੀ ਕਰੇਗਾ? ਕੀ ਤੁਸੀਂ ਦਿਲ ਦੇ ਬਹੁਤ ਢਿੱਲੇ ਹੋ?

53 ਅੱਜ ਰਾਤ ਉਹ ਜੈਫਰਸਨਵਿਲੇ ਵਿੱਚ ਕੀ ਕਰੇਗਾ, ਜਿੱਥੇ ਪੱਚੀ ਸਾਲਾਂ ਤੋਂ ਖੁਸ਼ਖਬਰੀ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ, ਚਿੰਨ੍ਹ ਅਤੇ ਚਮਤਕਾਰ ਅਤੇ ਨਾ ਸ਼ੱਕ ਕਰਨ ਵਾਲੀ ਘਟਨਾ? ਉਹ ਕੰਮ ਜਿਹੜੇ ਜਦ ਤੋਂ ਯਿਸੂ ਧਰਤੀ ਤੋਂ ਗਿਆ ਕਦੇ ਨਹੀਂ ਕੀਤੇ ਗਏ, ਰੋਜਾਨਾ ਹੋ ਰਹੇ ਹਨ।ਬਿਮਾਰ ਚੰਗੇ ਹੋ ਰਹੇ ਹਨ, ਚਿੰਨ੍ਹ ਅਤੇ ਅਚੰਭੇ ਕੀਤੇ ਜਾ ਰਹੇ ਹਨ। ਮਹਾਨ ਭਵਿੱਖਬਾਣੀਆਂ ਕੀਤੀਆਂ ਗਈਆਂ ਜੋ ਕਦੇ ਵੀ ਅਸਫਲ ਨਈਂ ਹੋਈਆਂ। ਬਿਨਾਂ ਸਮਝੌਤਾ ਕੀਤੇ ਖੁਸ਼ਖਬਰੀ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ, ਅਤੇ ਫਿਰ ਵੀ ਸ਼ਰਾਬ ਖਾਨੇ ਅਤੇ ਨਾਚ ਰੰਗ ਦੇ ਸਥਾਂਨ ਅੱਜ ਰਾਤ ਜੈਫਰਸਨਵਿਲੇ ਵਿੱਚ ਭਰੇ ਹੋਏ ਹਨ। ਔਹ, ਅਸੀਂ ਖੁਦਾ ਦੇ ਕ੍ਰੋਧ ਤੋਂ ਕਿਵੇਂ ਬਚ ਸੱਕਦੇ ਹਾਂ?

54 ਮੈਂ ਇਹ ਬਹੁਤ ਵਾਰ ਕਿਹਾ ਹੈ, ਅਤੇ ਮੈਂ ਇਹ ਅੱਜ ਰਾਤ ਹਾਲੇ ਵੀ ਕਹਿੰਦਾ ਹਾਂ। ਜੇ ਪ੍ਰਮੇਸ਼ੁਰ ਸਾਨੂੰ ਸਜਾ ਦਿੱਤੇ ਬਿਨਾਂ ਛੱਡ ਦਿੰਦਾ ਹੈ, ਫਿਰ ਉਹ ਅਨਿਆਂਈ ਪ੍ਰਮੇਸ਼ੁਰ ਹੈ। ਉਸਨੂੰ ਸਦੂਮ ਅਤੇ ਅਮੂਰਾਹ ਨੂੰ ਵੀ ਖੜ੍ਹਾ ਕਰਨਾ ਪਵੇਗਾ ਅਤੇ ਉਹਨਾਂ ਕੋਲੋਂ ਮੁਆਫੀ ਮੰਗਣੀ ਪਵੇਗੀ, ਇਸੇ ਕੰਮ ਕਾਰਨ ਉਸਨੇ ਉਹਨਾਂ ਨੂੰ ਸਮੁੰਦਰ ਵਿੱਚ ਡੁਬੋ ਦਿੱਤਾ ਸੀ ਜਿਹੜੇ ਅੱਜ ਅਸੀਂ ਪ੍ਰਤੀ ਦਿਨ ਕਰ ਰਹੇ ਹਾਂ, ਅਤੇ ਉਸ ਤੋਂ ਭੈੜੇ ਕਰ ਰਹੇ ਹਾਂ। ਭਾਵੇਂ ਕਿ, ਉਹ ਮੂਰਤੀ ਪੂਜਕ ਲੋਕਾਂ ਦਾ ਝੁੰਢ ਸੀ, ਪਰ ਅਸੀਂ ਤਾਂ ਮਸੀਹੀ ਲੋਕ ਦਾ ਦੇਸ਼ ਮੰਨੇ ਜਾਂਦੇ ਹਾਂ।

55 ਅਤੇ ਜਦ ਉਸਨੇ ਉਹਨਾਂ ਨਾਲ ਗੱਲ ਕੀਤੀ ਅਤੇ ਉਹਨਾਂ ਨੂੰ ਲਿਖਤਾਂ ਦੀ ਵਿਆਖਿਆ ਕਰਨੀ ਸ਼ੁਰੂ ਕੀਤੀ, ਅਤੇ ਉਹ ਬਸ ਉਹਨਾਂ ਦੀ ਪਿੱਠ ਤੇ ਉਹਨਾਂ ਨੂੰ ਥਾਪੀਆਂ ਹੀ ਨਹੀਂ ਦੇ ਰਿਹਾ ਸੀ ਅਤੇ ਉਹਨਾਂ ਨੂੰ ਕੋਈ ਛੋਟੇ ਬੱਚਿਆਂ ਵਾਲੀ ਸਿੱਖਿਆ ਨਹੀਂ ਦੇ ਰਿਹਾ ਸੀ, ਪਰ ਉਹ ਉਨ੍ਹਾਂ ਨੂੰ ਝਿੜਕ ਰਿਹਾ ਸੀ, ਅਤੇ ਕਿਹਾ, ''ਤੁਸੀਂ ਮੂਰਖ ਹੋ, ਅਤੇ ਦਿਲ ਦੇ ਸੁਸਤ ਹੋ।ਜੋ ਨਬੀਆਂ ਨੇ ਕਿਹਾ, ਤੁਸੀਂ ਉਸ ਉੱਤੇ ਸ਼ੱਕ ਕਿਉਂ ਕੀਤਾ?'' ਵੇਖਿਅ ਉਹ ਕਿੱਥੇ ਗਿਆ? ਸਿੱਧਾ ਵਚਨ ਵਿੱਚ।

56 ਅਤੇ ਉਹਨਾਂ ਨੇ ਸੁਣਨਾ ਅਤੇ ਧਿਆਨ ਦੇਣਾ ਸ਼ੁਰੂ ਕੀਤਾ। ਉਸਨੇ ਕਿਹਾ, ''ਕੀ ਮਸੀਹ ਨੂੰ ਨਹੀਂ ਚਾਹੀਦਾ ਸੀ ਕਿ ਤੀਸਰੇ ਦਿਨ ਜੀ ਉੱਠੇ ਅਤੇ ਆਪਣੀ ਮਹਿਮਾਂ ਵਿੱਚ ਦਾਖਲ ਹੋਵੇ?'' ਅਤੇ ਜਦ ਉਹ ਉਨ੍ਹਾਂ ਦੇ ਨਾਲ ਜਾ ਰਿਹਾ ਸੀ, ਸਾਰਾ ਦਿਨ ਉਹਨਾਂ ਦੇ ਨਾਲ ਰਿਹਾ ਅਤੇ ਉਹਨਾਂ ਨਾਲ ਗੱਲਾਂ ਕਰਦਾ ਸੀ, ਤਾਂ ਵੀ ਉਹਨਾਂ ਨੇ ਉਸਨੂੰ ਨਹੀਂ ਪਛਾਣਿਆ ਕਿਉਂਕਿ ਉਹਨਾਂ ਦੇ ਨੇਤਰ ਬੰਦ ਕੀਤੇ ਹੋਏ ਸਨ।ਉਹ ਉਸਦੇ ਨਜ਼ਦੀਕ ਸਨ। ਅਤੇ ਉਹ ਉਸਨੂੰ ਵੇਖ ਨਹੀਂ ਸਕੇ ਸਨ, ਜਾਂ, ਸਮਝ ਨਹੀਂ ਸਕੇ ਸਨ।

57 ਹੁਣ, ਇਹ ਹੈ ਜਿੱਥੇ ਮੈਂ ਆਉਣਾ ਚਾਹੁੰਦਾ ਹਾਂ, ਜੋ ਮੈਂ ਚਾਹੁੰਦਾ ਹਾਂ ਕਿ ਤੁਸੀਂ ਵੇਖੋ।ਜੀ ਉੱਠਣ ਤੋਂ ਬਾਦ ਉਹ ਪਹਿਲਾ ਸੰਦੇਸ਼ ਸੀ।ਜਿਵੇਂ ਕਿ ਉਹ ਸਾਰਾ ਦਿਨ ਉਹਨਾਂ ਦੇ ਨਾਲ ਚੱਲਦਾ ਰਿਹਾ ਸੀ ਅਤੇ ਉਹਨਾਂ ਨੇ ਉਸਨੂੰ ਪਛਾਣਿਆ ਨਹੀਂ ਸੀ।ਤਦ ਵੀ ਉਹ ਉਹਨਾਂ ਦੇ ਨਾਲ ਸੀ, ਪਰ ਉਸਨੇ ਖੁਦ ਆਪ ਹੀ ਉਹਨਾਂ ਦੀਆਂ ਅੱਖਾਂ ਬੰਦ ਕੀਤੀਆਂ ਹੋਈਆਂ ਸਨ। ਪਰ ਜਦ ਸੂਰਜ ਡੁੱਬਣ ਦਾ ਸਮਾਂ ਆਇਆ, ਅਤੇ ਯਿਸੂ ਨੇ ਇਸ ਤਰ੍ਹਾਂ ਕੀਤਾ ਜਿਵੇਂ ਕਿ ਉਹ ਉਹਨਾਂ ਨੂੰ ਛੱਡ ਕੇ ਅੱਗੇ ਲੰਘ ਜਾਵੇਗਾ।

58 ਕੀ ਅੱਜ ਵੀ ਉਸਨੇ ਇਹਨਾਂ ਆਖਰੀ ਦਿਨਾਂ ਵਿੱਚ ਦੁਬਾਰਾ ਬਿਲਕੁੱਲ ਉਹ ਹੀ ਕੰਮ ਨਹੀਂ ਕੀਤਾ ਹੈ, ਸੂਰਜ ਡੁੱਬਣ ਦੇ ਸਮੇਂ।ਕੀ ਤੁਸੀਂ ਧਿਆਨ ਦਿੱਤਾ ਉਸਨੇ ਸਾਰਾ ਦਿਨ ਭਰ, ਉਸ ਸਮੇਂ ਕਲੀਸਿਯਾ ਨੂੰ ਕੀ ਦਿੱਤਾ ਸੀ? ਸਿਰਫ ਵਚਨ ਪ੍ਰਚਾਰ ਕੀਤਾ। ਉਸਨੇ ਇੱਕ ਵੀ ਚਿੰਨ੍ਹ ਜਾਂ ਚਮਤਕਾਰ ਨਹੀਂ ਕੀਤਾ। ਉਸਨੇ ਕੁਝ ਵੀ ਨਹੀਂ ਕਿਹਾ ਬਸ ਜੀ ਉੱਠਣ ਦੇ ਬਾਰੇ ਵਿੱਚ, ਜੋ ਨਬੀਆਂ ਨੇ ਕਿਹਾ ਸੀ, ਪ੍ਰਚਾਰ ਕੀਤਾ ਸੀ। ਇਹ ਹੀ ਉਹ ਆਪਣੇ ਜਾਣ ਦੇ ਦਿਨ ਤੋਂ ਲੈ ਕੇ ਇਸ ਆਖਰੀ ਦਿਨ ਤੱਕ ਕਰ ਰਿਹਾ ਹੈ। ਪ੍ਰੰਤੂ ਹੁਣ, ਔਹ, ਉਸਦਾ ਨਾਮ ਮੁਬਾਰਕ ਹੋਵੇ, ਸੂਰਜ ਡੁੱਬ ਰਿਹਾ ਹੈ, ਅਤੇ ਉਸ ਨੇ ਇਸ ਤਰ੍ਹਾਂ ਕੀਤਾ ਹੈ ਕਿ ਉਹ ਰੁਕੇਗਾ ਨਹੀਂ।

59 ਔਹ, ਮੈਂ ਫੈਨੀ ਕਰੱਸਬੀ ਬਾਰੇ ਸੋਚ ਸੱਕਦਾ ਹਾਂ ਜਦ ਉਹ ਪੁਕਾਰੀ, '' ਹੇ ਨਮਰ ਮੁਕਤੀ ਦਾਤੇ, ਮੇਰੇ ਕੋਲੋਂ ਦੀ ਨਾ ਲੰਘ ਜਾਣਾ।''

60 ਅਤੇ ਇਹਨਾਂ ਚੇਲਿਆਂ ਨੇ ਕਿਹਾ, '' ਆ ਅਤੇ ਸਾਡੇ ਨਾਠ ਠਹਿਰ। ਇਸ ਹਨੇਰੇ ਵਿੱਚ ਸਾਡੇ ਨਾਲ ਠਹਿਰ ਜਾਹ, ਕਿਉਂਕਿ ਦੇਰ ਬਹੁਤ ਹੋ ਗਈ ਹੈ।'' ਅਤੇ ਉਸਨੇ ਇਸ ਤਰ੍ਹਾਂ ਕੀਤਾ ਕਿਵੇਂ ਕਿ ਉਹ ਅਗਾਂਹ ਜਾ ਰਿਹਾ ਹੈ, ਪਰ ਉਹਨਾਂ ਨੇ ਜੋਰ ਦਿੱਤਾ। ਦੂਸਰੇ ਲਫਜ਼ਾਂ ਵਿੱਚ, ਉਹਨਾਂ ਉਸ ਅੱਗੇ ਬੇਨਤੀ ਕੀਤੀ। ਔਹ, ਜੇ ਸਾਡੇ ਕੋਲ ਕਿਤੇ ਹੋਰ ਬੇਨਤੀ ਕਰਨ ਵਾਲੇ ਕਿਸਮ ਦੇ ਲੋਕ ਹੁੰਦੇ।

61 ਭਾਈ, ਭੈਣ ਕੀ ਤੁਸੀਂ ਜਾਣਦੇ ਹੋ ਕਿ ਬਾਈਬਲ ਆਖਦੀ ਹੈ ਪਵਿੱਤਰ ਆਤਮਾ ਉਹਨਾਂ ਉੱਤੇ ਚਿੰਨ੍ਹ ਲਗਾਉਂਦਾ ਹੈ ਜੋ ਸ਼ਹਿਰ ਵਿੱਚ ਹੁੰਦੀ ਬੁਰਿਆਈ ਲਈ

ਰੋਂਦੇ ਅਤੇ ਹਓਕੇ ਭਰਦੇ ਹਨ? ਹੁਣ, ਮੈਂ ਤੁਹਾਨੂੰ ਇੱਕ ਸਵਾਲ ਪੁੱਛਣਾ ਚਾਹੁੰਦਾ ਹਾਂ। ਅਸੀਂ ਆਪਣੇ ਧਾਰਮਿਕ ਵਿਚਾਰਾਂ ਉੱਤੇ ਬਹੁਤ ਜਿਆਦਾ ਜਜਬਾਤੀ ਹੁੰਦੇ ਹਾਂ, ਪਰ ਅੱਜ ਰਾਤ, ਜੈਫਰਸਨਵਿਲੈ ਸ਼ਹਿਰ ਵਿੱਚ ਕਿਹੜਾ ਹੈ ਜੋ, ਇਸ ਆਖਰੀ ਦਿਨ ਵਿੱਚ, ਗੁਆਚੇ ਹੋਏ ਸੰਸਾਰ ਲਈ ਬਹੁਤ ਫਿਕਰਮੰਦ ਹੈ, ਸ਼ਹਿਰ ਵਿੱਚ ਰਹਿੰਦੇ ਸੰਤਾਂ ਲਈ ਦੁਆਵਾਂ ਕਰਦਾ ਹੈ, ਜੋ ਰਾਤ ਨੂੰ ਸਿਰਫ ਤੀਹ ਮਿੰਟ ਹੀ ਸ਼ਹਿਰ ਵਿੱਚ ਹੋ ਰਹੇ ਪਾਪਾਂ ਲਈ ਦੁਆ ਕਰਦਾ ਹੋਵੇ? ਪਰ ਲਿਖਤ ਦੇ ਅਨੁਸਾਰ ਸਵਰਗ ਦੂਤ ਨੇ ਸਿਰਫ ਉਹਨਾਂ ਨੂੰ ਹੀ ਮੋਹਰਬੰਦ ਕੀਤਾ ਜੋ ਸ਼ਹਿਰ ਵਿਚਲੀ ਬੁਰਿਆਈ ਲਈ ਚਿਲਾਉਂਦੇ ਅਤੇ ਹਓਕੇ ਭਰਦੇ ਸਨ।

62 ਅਸੀਂ ਅੱਗੇ ਤੋਂ ਦਿਲਚਸਪੀ ਨਹੀਂ ਰੱਖਦੇ ਹਾਂ।ਅਸੀਂ ਬਸ ਜਾਣਨਾ ਚਾਹੁੰਦੇ ਹਾਂ ਕਿ ਸਾਡਾ ਇੱਕ ਚੰਗਾ ਸਮਾਂ ਹੋ ਸੱਕਦਾ ਹੈ। ਅਸੀਂ ਜਾਣਨਾ ਚਾਹੁੰਦੇ ਹਾਂ ਕਿ ਸਾਡੇ ਕੋਲ ਚਰਚ ਵਿੱਚ ਇੱਕ ਛੋਟੀ ਜਿਹੀ ਸੋਸਾਇਟੀ ਹੋ ਸੱਕਦੀ ਹੈ।ਅਸੀਂ ਜਾਣਨਾ ਚਾਹੁੰਦੇ ਹਾਂ ਕਿ ਸਾਡੇ ਕੋਲ ਵੋਟਾਂ ਦਾ ਸਮਾਂ ਹੈ, ਜਦ ਅਗਲੇ ਪਾਸਟਰ ਨੂੰ ਚੁਣਨ ਦਾ ਸਮਾਂ ਆਉਂਦਾ ਹੈ। ਅਸੀਂ ਚਾਹੁੰਦੇ ਹਾਂ ਕਿ ਸਾਡਾ ਚਰਚ ਦੂਸਰੇ ਚਰਚ ਵਾਲਿਆਂ ਤੋਂ ਜਰਾ ਵਧੀਆ ਵਿਖਾਈ ਦੇਵੇ। ਅੱਜ ਇਸ ਦੁਨੀਆਂ ਦਾ ਇਹ ਹੀ ਵਿਚਾਰ ਹੈ।ਕੋਈ ਬੇਨਤੀ ਨਹੀਂ ਕਰ ਰਿਹਾ ਹੈ, ''ਹੇ ਪ੍ਰਭੂ, ਪ੍ਰਮੇਸ਼ੁਰ, ਮੇਰੇ ਕੋਲ ਛੇਤੀ ਆ, ਨਹੀਂ ਤਾਂ ਮੈਂ ਨਾਸ਼ ਹੋ ਜਾਵਾਂਗਾ। ਔਹ, ਮੇਰੇ ਕੋਲੋਂ ਚਲਾ ਨਾ ਜਾਵੀਂ, ਹੇ ਨਮਰ ਮੁਕਤੀਦਾਤੇ। ਤੂੰ ਸਰਵ ਸ਼ਕਤੀਮਾਨ ਹੈ। ਤੂੰ ਜਿਹੜਾ ਕਿ ਸਰਵ ਸਰਵ ਵਿਆਪੀ ਹੈਂ, ਆ ਅਤੇ ਮੇਰੇ ਹਿਰਦੇ ਵਿੱਚ ਨਿਵਾਸ ਕਰ, ਹੇ ਪ੍ਰਭੂ।'' ਇੱਥੋਂ ਤੱਕ ਕਿ ਬਹੁਤ ਹੀ ਔਖਾ ਹੈ ਕਿ ਕੋਈ ਆਦਮੀ ਜਾਂ ਔਰਤ ਆਪਣਾ ਹੱਥ ਖੜ੍ਹਾ ਕਰਕੇ ਪ੍ਰਭੂ ਯਿਸੂ ਨੂੰ ਆਪਣਾ ਮੁਕਤੀਦਾਤਾ ਕਬੂਲ ਕਰੇ। ਪੁਰਣੇ ਸਮੇਂ ਦੇ ਵਿਰਲਾਪ ਕਰਨ ਵਾਲਿਆਂ ਦੇ ਬੈਂਚ ਬਾਹਰ ਕੱਢ ਦਿੱਤੇ ਗਏ ਹਨ। ਅਗਾਂਹ ਤੋਂ ਰੋਣਾ ਨਹੀਂ ਰਿਹਾ ਹੈ। ਅੱਗੇ ਤੋਂ ਜਗਵੇਦੀ ਉੱਤੇ ਰੋਣਾ ਨਹੀਂ ਰਿਹਾ ਹੈ।

63 ਜਰਾ ਸੋਚੋ, ਜਦ ਚਾਰਲਸ ਜੇ ਫਿੱਨੀ, ਜੋ ਕਿ ਬਸ ਖੁਸ਼ਖਬਰੀ ਦਾ ਪ੍ਰਚਾਰਕ ਸੀ, ਜੋ ਬਸ ਤਬਦੀਲ ਹੋਇਆ ਇੱਕ ਛੋਟਾ ਜਿਹਾ ਵਕੀਲ ਸੀ, ਜੋ ਕਿ ਵਿਖਣ ਵਿੱਚ ਇੱਕ ਸੁੱਕਾ ਜਿਹਾ ਛੋਟਾ ਜਿਹਾ ਆਦਮੀ ਸੀ, ਜੋ ਇਮਾਰਤ ਵਿੱਚ ਅਵਾਜ਼ਾਂ ਚੈਕ ਕਰ ਰਿਹਾ ਸੀ। ਅਤੇ ਉਸਨੇ ਕਿਹਾ, '' ਤੌਬਾ ਕਰੋ ਜਾਂ ਨਾਸ਼ ਹੋ ਜਾਓ।'' ਅਤੇ ਇੱਕ ਆਦਮੀ ਜੋ ਗੁੰਬਦ ਤੇ ਬੈਠਾ ਸੀ, ਘਬਰਾ ਕੇ ਡਿੱਗ ਗਿਆ। ਇੱਕ ਦਿਨ ਉਹ ਨਿਊ ਇੰਗਲੈਂਡ ਵਿੱਚ ਇੱਕ ਇਮਾਰਤ ਦੀ ਬਾਲਕੋਨੀ ਵਿੱਚ ਖੜ੍ਹਾ ਹੋਇਆ ਅਤੇ ਗੁਆਚੇ ਹੋਇਆਂ ਨੂੰ ਨਰਕ ਦਾ ਪ੍ਰਚਾਰ ਕੀਤਾ। ਅਤੇ ਜਦ ਉਹ ਚਿੱਲਾਇਆ, '' ਜੇ ਤੁਸੀਂ ਤੌਬਾ ਨਾ ਕਰੋ, ਤੁਸੀਂ ਨਾਸ਼ ਹੋ ਜਾਓਗੇ,'' ਆਦਮੀ ਅਤੇ ਔਰਤਾਂ ਘਬਰਾ ਗਏ ਅਤੇ ਗਲੀਆਂ ਵਿੱਚ ਤੌਬਾ ਲਈ ਡਿੱਗ ਗਏ।

64 ਪ੍ਰੰਤੂ, ਅੱਜ, ਤੁਸੀਂ ਅੱਗ, ਤੌਬਾ, ਨਰਕ, ਅਤੇ ਅੱਗ ਅਤੇ ਗੰਧਕ ਬਾਰੇ ਪ੍ਰਚਾਰ ਕਰ ਸੱਕਦੇ ਹੋ, ਅਤੇ ਲੋਕ ਇਸ ਉੱਤੇ ਹੱਸਣਗੇ। ਗੱਲ ਕੀ ਹੈ? ਸਾਡੇ ਦਿਲ ਠੰਢੇ ਹਨ।ਅਸੀਂ ਵੱਖਵਾਦੀ ਹਾਂ। ਅਸੀਂ ਬਹੁਤ ਜਿਆਦਾ ਪ੍ਰਾਪਤ ਕਰ ਲਿਆ ਹੈ। ਸਾਨੂੰ ਸੰਸਾਰ ਘੱਟ ਅਤੇ ਪ੍ਰਮੇਸ਼ੁਰ ਬਹੁਤਾ ਚਾਹੀਦਾ ਹੈ। ਸਾਡੇ ਦਿਲ ਬਹੁਤ ਜਿਆਦਾ ਠੰਢੇ ਹਨ। ਅਸੀਂ ਕੁਝ ਜਜਬਾਤਾਂ ਵਿੱਚ ਦਿਲਚਸਪੀ ਰੱਖਣ ਵਾਲੇ ਬਣ ਗਏ ਹਾਂ। ਅਸੀਂ ਦਿਲਚਸਪੀ ਰੱਖਣ ਵਾਲੇ ਬਣ ਗਏ ਹਾਂ, ਕਿ ਜੇ ਅਸੀਂ ਨੱਚ ਸਕੀਏ; ਜੇ ਅਸੀਂ ਰੌਲਾ ਪਾ ਸਕੀਏ।'' ਮੈਂ ਇਸ ਵਿੱਚ ਨਿਹਚਾ ਕਰਦਾ ਹਾਂ। ''ਜੇਕਰ ਅਸੀਂ ਪਰਾਈ ਭਾਖਿਆ ਬੋਲ ਸਕੀਏ।'' ਮੈਂ ਇਸ ਵਿੱਚ ਨਿਹਚਾ ਕਰਦਾ ਹਾਂ। ਮੈਂ ਇਸ ਦੀ ਹਰੇਕ ਗੱਲ ਵਿੱਚ ਨਿਹਚਾ ਕਰਦਾ ਹਾਂ। ਪਰ ਜੇ ਸਾਡੇ ਕੋਲ ਇਹ ਹੈ, ਅਤੇ ਉਹ ਦਰਦ, ਰੋਣਾ, ਟੁੱਟਿਆ ਹੋਇਆ ਆਤਮਾ ਨਹੀਂ ਹੈ, ਖੁਦਾ ਇਸਨੂੰ ਕਦੇ ਇਸਤੇਮਾਲ ਨਹੀਂ ਕਰੇਗਾ। ਉਹ ਚੀਜ਼ਾਂ ਚੰਗੀਆਂ ਹਨ, ਪਰ ਸਾਡੇ ਕੋਲ ਇਸਦੇ ਨਾਲ ਚੱਲਣ ਲਈ ਦੂਸਰੀਆਂ ਚੀਜ਼ਾਂ ਵੀ ਚਾਹੀਦੀਆਂ ਹਨ। ਅਸੀਂ ਖਾਸ ਚੀਜ਼ ਨੂੰ ਛੱਡ ਦਿੱਤਾ ਹੈ, ਅਤੇ ਦੂਸਰੀਆਂ ਚੀਜ਼ਾਂ ਪਿੱਛੇ ਹੋ ਤੁਰੇ ਹਾਂ ; ਅਤੇ ਤੁਸੀਂ ਛੋਟੀ ਚੀਜ਼ ਤੇ ਵੱਡੀ ਨੂੰ ਕਦੇ ਨਹੀਂ ਰੱਖ ਸੱਕਦੇ। ਸਾਨੂੰ ਇਹ ਪਤਾ ਹੈ।

65 ਇੱਥੋਂ ਤੱਕ ਕਿ ਸਾਡੀਆਂ ਆਪਣੀਆਂ ਸੰਗਤੀਆਂ ਵਿੱਚ, ਸਾਡੀਆਂ ਆਪਣੀਆਂ ਸੰਗਤੀਆਂ ਇਸ ਸਥਾਨ ਤੇ ਹਨ ਜਿੱਥੇ ਕਿ ਪ੍ਰਾਣਾਂ ਦੀ ਚੰਗਾਈ ਦੀ ਬਜਾਇ ਬਹੁਤ ਜਿਆਦਾ ਜ਼ੋਰ ਰੱਬੀ ਚੰਗਾਈ ਤੇ ਹੈ। ਭਾਈ ਜੀ, ਅੱਜ ਸਾਨੂੰ ਜਿਸ ਚੀਜ਼ ਦੀ ਲੋੜ ਹੈ ਉਹ ਹੈ ਬੇਦਾਰੀ ਦੇ ਸ਼ੁਰੂ ਹੋਣ ਦੀ, ਪ੍ਰਮੇਸ਼ੁਰ ਲਈ ਪ੍ਰਾਣਾਂ ਦੇ ਅੱਗ ਬਣਨ ਦੀ। ''ਅੱਗ ਬਣਨ'' ਤੋਂ ਮੇਰਾ ਕੀ ਮਤਲਬ ਹੈ, ਇਹ ਕਿ ਉਹਨਾਂ ਦੀਆਂ ਗੱਲਾਂ ਉੱਤੋਂ ਹੰਝੂਆਂ ਦਾ ਵਗਦੇ ਹੋਣਾ ਅਤੇ ਜਗਵੇਦੀ ਤੇ ਆ ਕੇ ਨੀਵੇਂ ਹੋਣਾ। ਪੰਜ ਮਿੰਟ ਲਈ ਨਹੀਂ, ਕਿ ਉੱਠ ਕੇ ਚਲੇ ਜਾਣਾ ਅਤੇ ਫਿਰ ਭੁੱਲ ਜਾਣਾ। ਪਰ ਬਾਹਰ ਗੁਆਚੇ ਹੋਏ ਪ੍ਰਾਣਾਂ ਨੂੰ ਵਾਪਸ ਮਸੀਹ ਕੋਲ ਲਿਆਉਣ, ਦਾ ਬੋਝ ਦਿਲਾਂ ਉੱਤੇ ਹੋਣਾ।

66 ਪ੍ਰਮੇਸ਼ਰ, ਸਾਰੇ ਸੰਸਾਰ ਦਾ ਸੁੱਖ ਅਤੇ ਇਸਦਾ ਸਾਰਾ ਨੱਚਣਾ-ਟੱਪਣਾ ਮੇਰੇ ਤੋਂ ਦੂਰ ਕਰ ਅਤੇ ਮੇਰੇ ਦਿਲ ਵਿੱਚ ਗੁਆਚਿਆਂ ਹੋਇਆ ਲਈ ਬੋਝ ਦੇਹ, ਇਹ ਮੇਰੀ ਦੁਆ ਹੋਵਗੀ।

67 ਉਹਨਾਂ ਨੇ ਉਸਨੂੰ ਰੋਕਿਆ।''ਹੇ ਪ੍ਰਭੂ, ਅਸੀਂ ਨਹੀਂ ਜਾਣਦੇ ਹਾਂ ਕਿ ਤੂੰ ਕੌਣ ਹੈਂ, ਸ਼੍ਰੀਮਾਨ, ਪਰ ਅਸੀਂ ਤੇਰੇ ਪ੍ਰਚਾਰ ਨਾਲ ਪਿਆਰ ਕਰਦੇ ਹਾਂ। ਅੰਦਰ ਆ ਅਤੇ ਰਾਤ ਸਾਡੇ ਨਾਲ ਟਿਕ।'' ਅਤੇ ਯਿਸੂ ਅੰਦਰ ਚਲਾ ਗਿਆ। ਉਹਨਾਂ ਦੇ ਨਾਲ ਜਾ ਰਿਹਾ ਸੀ ਪਰ ਉਹਨਾਂ ਨੇ ਉਸਨੂੰ ਪਛਾਣਿਆ ਨਹੀਂ ਸੀ। ਅਤੇ ਜਦ ਉਹ ਇੱਕ ਵਾਰ ਅੰਦਰ ਆ ਗਿਆ ... ਸ਼ਾਇਦ ਛੋਟੀ ਜਿਹੀ ਝੌਂਪੜੀ ਹੋਵੇ, ਪਰ ਉਸ ਲਈ ਕੋਈ ਵੀ ਚੀਜ਼ ਇੰਨੀ ਨਿਮਾਣੀ ਨਹੀਂ ਹੈ।

68 ਤੁਸੀਂ ਕਹਿੰਦੇ ਹੋ, ''ਚੰਗਾ, ਭਾਈ ਬ੍ਰਾਨਹਾਮ, ਮੈਂ ਇੱਕ ਬੁੱਢਾ ਆਦਮੀ ਹਾਂ।'' ਮੈਨੂੰ ਕੋਈ ਪ੍ਰਵਾਹ ਨਹੀਂ ਤੁਸੀਂ ਕਿੰਨੇ ਕੁ ਬੁੱਢੇ ਹੋ।''ਮੈਂ ਸਿਰਫ ਇੱਕ ਬੱਚਾ ਹਾਂ।'' ਇਸ ਨਾਲ ਕੋਈ ਮਤਲਬ ਨਹੀਂ ਕਿ ਤੁਸੀਂ ਕਿੰਨੇ ਕੁ ਬੱਚੇ ਹੋ।''ਮੈਂ ਬਹੁਤ ਗਰੀਬ ਹਾਂ।ਮੇਰੇ ਕੱਪੜੇ ਠੀਕ ਨਹੀਂ ਹਨ।'' ਔਹ, ਜੇ ਤੁਸੀਂ ਘਾਹ ਵਾਲੀ ਬੋਰੀ ਹੀ ਆਪਣੇ ਲਪੇਟੀ ਹੋਈ ਹੋਵੇ, ਪ੍ਰਮੇਸ਼ੁਰ ਨੂੰ ਇਹਦੇ ਨਾਲ ਕੋਈ ਵੀ ਫਰਕ ਨਹੀਂ ਪੈਂਦਾ ਹੈ।ਬਸ ਉਸਨੂੰ ਕਹੋ।ਤੁਸੀਂ ਖੁਦਾ ਦੀ ਨਿਗਾਹ ਵਿੱਚ ਮਹਾਨ ਹੋ। ਹੋ ਸੱਕਦਾ ਹੈ ਤੁਸੀਂ ਮਨੁੱਖਾਂ ਦੇ ਸਾਹਮਣੇ ਬਹੁਤ ਵੱਡੇ ਨਾ ਹੋਵੋ। ਪਰ ਪ੍ਰਮੇਸ਼ੁਰ ਦੀ ਨਿਗਾਹ ਵਿੱਚ ਤੁਸੀਂ ਮਹਾਨ ਹੋ। ਉਸਦੀ ਪਰਜਾ ਵਿੱਚੋਂ ਤੁਸੀਂ ਇੱਕ ਹੋ।

''ਅੰਦਰ ਆ ਅਤੇ ਸਾਡੇ ਨਾਲ ਠਹਿਰ।''

69 ''ਔਹ, ਮੈਂ ਉਸਨੂੰ ਆਪਣੇ ਅੰਦਰ ਆਉਣ ਬਾਰੇ ਨਹੀਂ ਆਖ ਸੱਕਦਾ ਹਾਂ।ਮੈਂ ਇੱਕ ਸ਼ਰਾਬੀ ਰਿਹਾ ਹਾਂ। ਮੈਂ ਇੱਕ ਜੁਆਰੀ ਰਿਹਾ ਹਾਂ।''ਮੈਨੂੰ ਪ੍ਰਵਾਹ ਕਿ ਨਹੀਂ ਤੁਸੀਂ ਕੀ ਹੋ।ਉਸਨੂੰ ਕਹ੍, ਅਤੇ ਲੱਭੋ। ਉਹ ਤੁਹਾਡੇ ਸੱਦੇ ਤੇ ਆਵੇਗਾ। ਉਸਨੇ ਕਦੇ ਵੀ ਇੱਕ ਵੀ ਸੱਦਾ ਨਹੀਂ ਰੱਦਿਆ ਹੈ। ਉਹ ਉਡੀਕ ਰਿਹਾ ਹੈ ਅਤੇ ਦਿਲਾਂ ਵਿੱਚ ਆਉਣ ਦੀ ਕੋਸ਼ਿਸ਼ ਕਰ ਰਿਹਾ ਹੈ।ਤੁਸੀਂ ਕਹਿੰਦੇ ਹੋ, ''ਮੈਂ ਗਲੀਆਂ ਵਿੱਚ ਘੁੰਮਣ ਵਾਲੀ ਵੇਸ਼ਿਆ ਸੀ।''ਮੈਨੂੰ ਕੋਈ ਪ੍ਰਵਾਹ ਨਹੀਂ ਤੁਸੀਂ ਕੀ ਰਹੇ ਹੋ। ਪ੍ਰਮੇਸ਼ੁਰ ਆਪਣਾ ਕੰਮ ਕਰਨ ਲਈ ਤੁਹਾਡੇ ਦਿਲ ਵਿੱਚ ਆਪਣਾ ਰਾਹ ਬਣਾਉਣ ਦਾ ਯਤਨ ਕਰ ਰਿਹਾ ਹੈ।

ਬਸ ਕਹੋ, ''ਪ੍ਰਭੂ ਅੰਦਰ ਆ ਜਾਹ ਅਤੇ ਮੇਰੇ ਨਾਲ ਰਹਿ।''

70 ਅਤੇ ਧਿਆਨ ਦਿਓ, ਦਿਨ ਦੇ ਸਾਰੇ ਸਮੇਂ, ਉਹ ਵਚਨ ਲਿਆ ਰਿਹਾ ਸੀ, ਪ੍ਰੰਤੂ ਕੋਈ ਚਿੰਨ੍ਹ ਨਹੀਂ। ਜਦ ਉਹ ਉਹਨਾਂ ਨੂੰ ਅੰਦਰ ਲੈ ਗਿਆ, ਅਤੇ ਬੂਹਾ ਬੰਦ ਕਰ ਲਿਆ, ਅਤੇ ਬੈਠ ਗਿਆ, ਹੇ, ਭਾਈ, ਇਹ ਉਹ ਸਮਾਂ ਸੀ ਜਦ ਉਸਨੇ ਆਪਣਾ ਜੀ ਉੱਠਣਾ ਪ੍ਰਗਟ ਕੀਤਾ ਸੀ। ਸਵੇਰ ਤੋਂ ਲੈ ਕੇ ਜਦ ਉਹ ਉਹਨਾਂ ਨੂੰ ਮਿਲਿਆ ਸੀ, ਕਿਸੇ ਵੀ ਸਮੇਂ ਨਹੀਂ, ਪਰ ਜਦ ਕਿ ਸੂਰਜ ਡੁੱਬ ਰਿਹਾ ਸੀ, ਉਸਨੇ ਆਪਣੇ ਆਪਨੂੰ ਪ੍ਰਗਟ ਕੀਤਾ। ਉਸਨੇ ਵਚਨ ਨੂੰ ਛੱਡ ਕੇ ਆਪਣੇ ਜੀਵਨ ਵਿੱਚ ਕਦੇ ਵੀ ਇੱਕ ਵੀ ਚੀਜ਼ ਜੋ ਉਸਨੇ ਕੀਤੀ, ਨਹੀਂ ਕੀਤੀ। ਪਰ ਧਿਆਨ ਦਿਓ, ਸ਼ਾਮ ਦੇ ਸਮੇਂ, ਸ਼ਾਮਾਂ ਦੇ ਸਮੇਂ, ਇਹ ਉਹ ਸਮਾਂ ਜੀ ਜਦ ਉਸਨੇ ਆਪਣੇ ਜੀ ਉੱਠਣ ਦਾ ਸਬੂਤ ਦਿੱਤਾ ਸੀ।

71 ਮੈਨੂੰ ਨਿਮਰਤਾ ਨਾਲ ਇਹ ਕਹਿਣ ਦਿਓ। ਮੈਨੂੰ ਟੁੱਟੀ ਹੋਈ ਅਵਾਜ਼, ਪਰ ਟੁੱਟੇ ਹੋਏ ਦਿਲ ਨਾਲ ਵੀ ਇਹ ਕਹਿਣ ਦਿਓ। ਇਹ ਸ਼ਾਮ ਦਾ ਸਮਾਂ ਹੈ। ਬਾਈਬਲ ਆਖਦੀ ਹੈ ਕਿ ਸ਼ਾਮਾਂ ਦੇ ਵੇਲੇ ਚਾਨਣਾ ਹੋਵੇਗਾ। ਨਬੀ ਨੇ ਕਿਹਾ ਹੈ, ਇੱਕ ਦਿਨ ਹੋਵੇਗਾ, ਇਹ ਨਾ ਤਾਂ ਦਿਨ ਹੋਵੇਗਾ ਨਾ ਹੀ ਰਾਤ।'' ਇਹ ਬਸ ਬਿਨਾਂ ਕਿਸੇ

ਪ੍ਰਗਟਾਵੇ ਦੇ ਸਿਰਫ ਵਚਨ ਦਾ ਸੁਣਨਾ ਹੋਵੇਗਾ, ਬਸ ਧੁੰਧਲਾ, ਗਹਿਰਾ ਦਿਨ ਹੋਵੇਗਾ। ਪਰ ਸ਼ਾਮ ਦੇ ਸਮੇਂ, ਫਿਰ ਦੁਬਾਰਾ ਚਾਨਣ ਚਮਕੇਗਾ।ਇਹ ਚਾਨਣ ਹੋਵੇਗਾ।ਅਤੇ ਇਸ ਸ਼ਾਮ ਦੇ ਸਮੇਂ ਜਿਸਦੇ ਵਿੱਚ ਅਸੀਂ ਹੁਣ ਰਹਿ ਰਹੇ ਹਾਂ, ਜਿੱਥੇ ਮਸੀਹ ਨੇ ਆਪਣੇ ਸੇਵਕਾਂ ਰਾਹੀਂ ਦੋ ਹਜ਼ਾਰ ਸਾਲਾਂ ਤੋਂ ਖੁਸ਼ਖਬਰੀ ਦਾ ਪ੍ਰਚਾਰ ਕੀਤਾ ਹੈ, ਪਰ ਇਹ ਸ਼ਾਮਾਂ ਦੇ ਚਾਨਣੇ ਹਨ। ਸ਼ਾਮਾਂ ਦੇ ਚਾਨਣੇ ਉਸਦੇ ਜੀ ਉੱਠਣ ਦਾ ਪ੍ਰਗਟਾਵਾ ਹੈ।

72 ਕਦ? ਉਹ ਨਹੀਂ ਜਾਣਦੇ ਸਨ ਕਿ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਸੀ। ਭਾਵੇਂ ਕਿ ਉਹ ਉਸਨੂੰ ਪਿਆਰ ਕਰਦੇ ਸਨ, ਉਹ ਉਸ ਉੱਤੇ ਵਿਸ਼ਵਾਸ ਕਰਦੇ ਸਨ, ਪਰ ਉਹ ਨਹੀਂ ਜਾਣਦੇ ਸਨ ਕਿ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ। ਉਹਨਾਂ ਇਸਦੇ ਵਿਰੁੱਧ ਬਹਿਸ ਕੀਤੀ ਸੀ। ਅਤੇ ਹੁਣ, ਇੱਥੇ ਸ਼ਾਮ ਦੇ ਸਮੇਂ, ਉਹ ਆਪਣੇ ਆਪ ਨੂੰ ਪ੍ਰਗਟ ਕਰਨ ਜਾ ਰਿਹਾ ਸੀ ਕਿ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ।ਉਸਨੇ ਇਹ ਕਿਸ ਤਰ੍ਹਾਂ ਕੀਤਾ? ਵਚਨ ਦਾ ਪ੍ਰਚਾਰ ਕਰਨ ਰਾਹੀਂ ਨਹੀਂ; ਉਸਨੇ ਇਹ ਪਹਿਲਾਂ ਹੀ ਕਰ ਦਿੱਤਾ ਸੀ, ਅਤੇ ਤਦ ਵੀ ਉਹਨਾਂ ਨਿਹਚਾ ਨਹੀਂ ਕੀਤੀ ਸੀ।

73 ਅਤੇ ਦੋ ਹਜ਼ਾਰ ਸਾਲ ਵਚਨ ਦਾ ਪ੍ਰਚਾਰ ਕਰਨ ਤੇ ਚਰਚ ਹਾਲੇ ਵੀ ਵਿਸ਼ਵਾਸ ਨਹੀਂ ਕਰਦਾ ਹੈ। ਪਰ ਸ਼ਾਮ ਦਾ ਚਾਨਣ ਆ ਗਿਆ ਹੈ, ਜੀ ਉੱਠਣ ਦਾ ਪ੍ਰਗਟਾਵਾ।

74 ਅਤੇ ਉਹ ਉਹਨਾਂ ਨੂੰ ਅੰਦਰ ਲੈ ਗਿਆ, ਅਤੇ ਉਸਨੇ ਚਮਤਕਾਰ ਕੀਤਾ, ਜਾਂ ਉਸਨੇ ਉਹ ਕੰਮ ਕੀਤਾ ਜਿਹੜਾ ਉਸਨੇ ਬਿਲਕੁੱਲ ਸਲੀਬ ਦਿੱਤੇ ਜਾਣ ਤੋਂ ਪਹਿਲਾਂ ਕੀਤਾ ਸੀ।ਉਹ ਜਾਣ ਗਏ ਸਨ ਕਿ ਇਹ ਉਹ ਹੀ ਹੈ।ਉਹਨਾਂ ਦੀਆਂ ਅੱਖਾਂ ਖੁੱਲ੍ਹ ਗਈਆਂ।

75 ਅਤੇ ਉਹ, ਛੇਤੀ ਨਾਲ ਅਲੋਪ ਹੋ ਗਿਆ।ਧਿਆਨ ਦਿਓ, ਇਹ ਛੋਟਾ ਜਿਹਾ ਸੰਦੇਸ਼ ਸੀ। ਇਹ ਬਹੁਤ ਲੰਬਾ ਨਹੀਂ ਸੀ।ਉਹ ਉਹਨਾਂ ਨਾਲ ਲੰਬਾ ਸਮਾਂ ਨਹੀਂ ਠਹਿਰਿਆ ਰਿਹਾ।ਉਸਨੇ ਬਸ ਆਪਣੇ ਆਪ ਨੂੰ ਪ੍ਰਗਟ ਕੀਤਾ ਅਤੇ ਉਹਨਾਂ ਦੀਆਂ ਅੱਖਾਂ ਤੋਂ ਓਹਲੇ ਹੋ ਗਿਆ। ਅਤੇ ਉਹਨਾਂ ਦੀਆਂ ਅੱਖਾਂ ਖੁੱਲ੍ਹ ਗਈਆਂ ਅਤੇ ਉਹ ਜਾਣ ਗਏ ਸਨ ਕਿ ਇਹ ਉਹ ਹੀ ਸੀ।

76 ਅਤੇ ਉਹਨਾਂ ਨੇ ਕਿਹਾ, '' ਕੀ ਸਾਡੇ ਦਿਲ ਅੰਦਰੋਂ ਗਰਮ ਨਹੀਂ ਹੋ ਰਹੇ ਸਨ ਜਦ ਰਾਹ ਵਿੱਚ ਉਹ ਸਾਡੇ ਨਾਲ ਗੱਲਾਂ ਕਰ ਰਿਹਾ ਸੀ?''

77 ਅਤੇ ਔਹ, ਭਾਈ, ਭੈਣ, ਇਹਨਾ ਵਰ੍ਹਿਆਂ ਦਰਮਿਆਨ, ਸਾਡੇ ਦਿਲ ਕਿੰਨੇ ਗਰਮ ਹੋਏ ਹਨ। ਮੈਂ ਸਤਾਈ ਸਾਲਾਂ ਤੋਂ ਮਸੀਹੀ ਹਾਂ; ਨਹੀਂ ਲੱਗ ਭੱਗ ਉਨੱਤੀ ਸਾਲਾਂ

ਤੋਂ ਮਸੀਹ ਹਾਂ। ਸਤਾਈ ਸਾਲਾਂ ਤੋਂ ਮੈਂ ਪ੍ਰਚਾਰ ਕਰ ਰਿਹਾ ਹਾਂ।ਅਤੇ ਜਦ ਮੈਂ ਉਸਦਾ ਵਚਨ ਪੜ੍ਹਦਾ ਹਾਂ, ਜਦ ਉਹ ਮੇਰੇ ਨਾਲ ਗੱਲਾਂ ਕਰਦਾ ਹੈ, ਇਹ ਅਦਭੁਤ ਹੈ।ਵਚਨ ਨੂੰ ਸੁਣ ਕੇ, ਮੇਰਾ ਦਿਲ ਗਰਮ ਹੁੰਦਾ ਹੈ।

78 ਪਰ ਹੁਣ ਸ਼ਾਮਾਂ ਦੇ ਚਾਨਣੇ ਆ ਗਏ ਹਨ।ਸੂਰਜ ਡੁੱਬ ਰਿਹਾ ਹੈ।ਸੱਭਿਅਤਾ ਸਮਾਪਤੀ ਤੇ ਹੈ।ਸੰਸਾਰ ਅੰਤ ਤੇ ਹੈ। ਹੁਣ ਉਹ ਦਿਸ ਰਿਹਾ ਹੈ ਅਤੇ ਸਾਡੇ ਵਿੱਚਕਾਰ ਕੁਝ ਕਰ ਰਿਹਾ ਹੈ, ਅਤੇ ਜੀ ਉੱਠਿਆ ਮਸੀਹ ਕਰਕੇ ਆਪਣੇ ਆਪ ਨੂੰ ਪ੍ਰਗਟ ਕਰ ਰਿਹਾ ਹੈ। ਸਾਡੀਆਂ ਅੱਖਾਂ ਖੁੱਲ੍ਹ ਸੱਕਦੀਆਂ ਹਨ। ਅਸੀਂ ਵੇਖ ਸੱਕਦੇ ਹਾਂ ਕਿ ਉਹ ਯੁੱਗੋ- ਯੁੱਗ ਜੀਉਂਦਾ ਹੈ।ਹਲਵੇ ਦਾ ਸਬੂਤ ਇਸਨੂੰ ਖਾਣ ਤੇ ਹੁੰਦਾ ਹੈ। ਅਤੇ ਇਹ ਹੀ ਜੀ ਉੱਠਣ ਦਾ ਸਬੂਤ ਹੈ।ਜੇ ਯਿਸੂ ਨੇ ਵਾਇਦਾ ਕੀਤਾ ਸੀ, ਬਾਈਬਲ ਨੇ ਵਾਇਦਾ ਕੀਤਾ ਹੈ ਕਿ, ''ਉਹ ਕੱਲ ਅੱਜ ਅਤੇ ਯੁੱਗੋ- ਯੁੱਗ ਇੱਕੋ ਜਿਹਾ ਹੈ,'' ਅਤੇ ਉਹ ਇਸਨੂੰ ਸਾਬਤ ਨਹੀਂ ਕਰਦਾ ਹੈ, ਤਾਂ ਫਿਰ ਲਿਖਤ ਗਲਤ ਹੈ। ਪਿਛਲੇ ਸਾਰੇ ਸਾਲਾਂ ਤੋਂ ਸਾਡੇ ਕੋਲ ਧਰਮ ਸਾਸ਼ਤਰ ਦੀਆਂ ਇਹ ਸਿੱਖਿਆਵਾਂ ਰਹੀਆਂ ਹਨ, ਪ੍ਰੰਤੂ ਇਹ ਪ੍ਰਗਟ ਹੋਣ ਦਾ ਦਿਨ ਹੈ, ਜੀ ਉੱਠਣ ਦੇ ਪ੍ਰਗਟਾਵਿਆਂ ਦਾ ਸਮਾਂ ਹੈ।

79 ਹੁਣ, ਉਹਨਾਂ ਨੇ ਕੀ ਕੀਤਾ ਸੀ? ਜਦ ਉਹਨਾਂ ਦੀਆਂ ਅੱਖਾਂ ਖੁੱਲ੍ਹ ਗਈਆਂ ਸਨ, ਉਨ੍ਹਾਂ ਨੇ ਕਿਹਾ, ''ਕੀ ਸਾਡੇ ਦਿਲ ਅੰਦਰੋਂ ਗਰਮ ਨਹੀਂ ਹੋਏ?'' ਅਤੇ ਆਪਣੇ ਬਾਕੀ ਦੇ ਲੋਕਾਂ ਨੂੰ ਮਿਲਣ ਲਈ, ਉਹ ਬੜੀ ਕਾਹਲੀ ਨਾਲ ਪਿੱਛੇ ਨੂੰ ਭੱਜੇ।ਅਤੇ ਹੁਣ ਉਹ ਵਾਪਸ ਜਾਂਦੇ ਇਹ ਨਹੀਂ ਕਹਿ ਰਹੇ ਸਨ ਕਿ, ''ਅੱਛਾ, ਹੋ ਸੱਕਦਾ ਹੈ ਕਿ ਇਹ ਕੁਝ ਹੋਰ ਹੋਵੇ।'' ਪਰ ਉਹ ਸਕਾਰਤਮਕ ਸਨ। ਅਤੇ ਉਹ ਆਪਣੀ ਸੰਗਤ ਵੱਲ ਨੂੰ ਭੱਜੇ ਅਤੇ ਉਹਨਾਂ ਨੇ ਕਿਹਾ, ''ਸੱਚ ਮੁੱਚ, ਯਕੀਨਨ ਪ੍ਰਭੂ ਜੀਅ ਉੱਠਿਆ ਹੈ ! ਅਸੀਂ ਜਾਣਦੇ ਹਾਂ ਕਿ ਉਹ ਜੀਅ ਉੱਠਿਆ ਹੈ।'' ਉਹ ਆਪਣੇ ਧਰਮ ਦੀ ਬਹਿਸ ਕਰਨ ਨਹੀਂ ਗਏ ਸਨ। ਉਹ ਬਸ ਚਲੇ ਗਏ ਕਿਉਂਕਿ ਉਹਨਾਂ ਦੀਆਂ ਅੱਖਾਂ ਖੁੱਲ੍ਹ ਚੁੱਕੀਆਂ ਗਈਆਂ ਸਨ। ਉਹਨਾਂ ਉਸਨੂੰ ਉਸ ਦੇ ਜੀਅ ਉੱਠਣ ਵਿੱਚ ਵੇਖ ਲਿਆ ਸੀ।

80 ਅਤੇ ਅੱਜ ਰਾਤ, ਮੇਰੇ, ਦੋਸਤੋ, ਇਸ ਤੋਂ ਵੱਧ ਕੇ ਹੋਰ ਖੂਬਸੂਰਤ ਚੀਜ਼ ਕਿਹੜੀ ਹੋਵੇਗੀ? ਇਸ ਈਸਟਰ ਦੇ ਦਿਨ, ਇਸ ਤੋਂ ਵੱਧ ਕੇ ਮਹਿਮਾਂ ਵਾਲੀ ਹੋਰ ਕਿਹੜੀ ਗੱਲ ਹੋਵੇਗੀ? ਇਹ ਵੇਖਣਾ ਕਿ ਉਹ ਹੀ ਯਿਸੂ ਜਿਹੜਾ ਮੁਰਦਿਆਂ ਵਿੱਚੋਂ ਜੀਅ ਉੱਠਿਆ ਸੀ, ਇਸ ਛੋਟੇ ਜਿਹੇ, ਪੁਰਾਣੇ, ਨਿਮਰ ਟੈਬਰਨੈਕਲ ਦੇ ਵਿੱਚਕਾਰ ਆਇਆ ਹੈ, ਜੋ ਕਿ ਵੀਹ ਸਾਲ ਪਹਿਲਾਂ ਸਾਨੂੰ ਤਿੰਨ ਹਜ਼ਾਰ ਡਾੱਲਰ ਤੋਂ ਵੀ ਘੱਟ ਵਿੱਚ ਮਿਲਿਆ ਹੈ। ਇਹ ਕਿੰਨਾ ਵਧੀਆ ਹੋਵੇਗਾ, ਆਪਣੇ ਜੀ ਉੱਠਣ ਦਾ ਸਬੂਤ ਦੇਣ ਲਈ, ਇਸ ਛੋਟੀ ਨਿਮਾਣੀ ਥਾਂ ਵਿੱਚ, ਅੱਜ ਰਾਤ ਉਸਨੂੰ ਇੱਥੇ ਆਉਂਦੇ ਹੋਏ ਵੇਖਣਾ, ਅਤੇ ਉਹ ਕੰਮ ਕਰਦੇ ਵੇਖਣਾ ਜਿਹੜੇ ਉਸਨੇ ਆਪਣੇ ਸਲੀਬ ਦਿੱਤੇ ਜਾਣ ਤੋਂ ਪਹਿਲਾਂ ਕੀਤੇ ਸਨ?

81 ਇਹਨਾਂ ਆਖਰੀ ਦਿਨਾਂ ਤੋਂ ਪਹਿਲਾਂ ਉਸਨੇ ਇਸਨੂੰ ਪਹਿਲਾਂ ਕਦੇ ਨਹੀਂ ਕੀਤਾ ਸੀ।ਹੁਣ ਉਹ ਇਸਨੂੰ ਕਰ ਰਿਹਾ ਹੈ, ਕਿਉਂਕਿ ਉਸਨੇ ਵਾਇਦਾ ਕੀਤਾ ਸੀ ਕਿ ਉਹ ਇਸਨੂੰ ਕਰੇਗਾ।ਇਹ ਸ਼ਾਮ ਦਾ ਸਮਾਂ ਹੈ।ਚਾਨਣ ਚਮਕ ਰਹੇ ਹਨ। ਪ੍ਰਮੇਸ਼ੁਰ ਆਪਣੇ ਬੱਚਿਆਂ ਦੀਆਂ ਅੱਖਾਂ ਖੋਲ੍ਹ ਰਿਹਾ ਹੈ।ਉਹ ਹਲਕੇ ਦਿਲਾਂ ਨਾਲ ਵਾਪਸ ਦੌੜ ਕੇ ਆ ਰਹੇ ਹਨ, ''ਓਹ, ਉਹ ਯਕੀਨਨ, ਜੀਅ ਉੱਠਿਆ ਹੈ।''

82 ਹੁਣ, ਇੱਥੇ ਅੱਜ ਰਾਤ ਇਸ ਇਮਾਰਤ ਵਿੱਚ ਕੁਝ ਲੋਕ ਹਨ ਜੋ ਕਿ ਸੰਭਵ ਹੈ ਵਿਰਜੀਨੀਆ ਤੋਂ ਹਨ, ਅਤੇ ਆਲੇ ਦੁਆਲਿਓਂ ਸਾਰੇ ਦੇਸ਼ ਵਿੱਚੋਂ ਹਨ। ਅਤੇ– ਅਤੇ ਜਾਂ ਕੋਈ ਮਤਲਬ ਨਹੀਂ ਤੁਸੀਂ ਕਿਸ ਜਗ੍ਹਾ ਤੋਂ ਹੋ, ਤੁਸੀਂ ਅੱਜ ਈਸਟਰ ਵਾਲੇ ਦਿਨ ਹਲਕੇ ਦਿਲ ਨਾਲ ਵਾਪਸ ਜਾ ਸੱਕਦੇ ਹੋ, ਜੇ ਯਿਸੂ ਮਸੀਹ ਤੁਹਾਨੂੰ ਉਸੇ ਤਰ੍ਹਾਂ ਵਿਖਾਲੀ ਦੇਵੇ ਜਿਸ ਤਰ੍ਹਾਂ ਉਸਨੇ ਉਹਨਾਂ ਨੂੰ ਵਿਖਾਲੀ ਦਿੱਤੀ ਸੀ।

83 ਹੋ ਸੱਕਦਾ ਹੈ ਕਿ ਤੁਸੀਂ ਉਸ ਨਾਲ ਲੰਬਾ ਸਮਾਂ ਚੱਲੇ ਹੋ। ਹੋ ਸੱਕਦਾ ਹੈ ਤੁਸੀਂ ਸਾਲਾਂ ਤੋਂ ਹੀ ਮਸੀਹੀ ਰਹੇ ਹੋਵੋ, ਪਰ ਤੁਸੀਂ ਹਾਲੇ ਤੱਕ ਵੀ ਉਸ ਦੇ ਜੀਅ ਉੱਠਣ ਦੇ ਪ੍ਰਗਟਾਵੇ ਦੀ ਸ਼ਕਤੀ ਨੂੰ ਕਦੇ ਨਾ ਵੇਖਿਆ ਹੋਵੇ।ਓਹ, ਜੇ ਉਹ ਅੱਜ ਰਾਤ ਇਹ ਕਰੇ, ਕੀ ਤੁਸੀਂ ਉਸਨੂੰ ਜੀਅ ਉੱਠਿਆ ਹੋਇਆ ਪ੍ਰਭੂ ਕਰਕੇ ਕਬੂਲ ਕਰੋਗੇ?

84 ਹੁਣ ਇਸਦੇ ਬਾਰੇ ਵਿੱਚ ਸੋਚੋ, ਜਦਕਿ ਅਸੀਂ ਥੋੜ੍ਹੀ ਦੇਰ ਲਈ ਆਪਣੇ ਸਿਰਾਂ ਨੂੰ ਦੁਆ ਲਈ ਝੁਕਾਉਂਦੇ ਹਾਂ। ਕਿੰਨੇ ਜਣੇ ਚਾਹੁੰਦੇ ਹਨ ਕਿ ਉਹਨਾਂ ਨੂੰ ਇਸ ਪ੍ਰਾਰਥਨਾ ਵਿੱਚ ਯਾਦ ਕੀਤਾ ਜਾਵੇ? ਆਪਣੇ ਹੱਥ ਪ੍ਰਮੇਸ਼ੁਰ ਵੱਲ ਉਠਾਓ। ਪ੍ਰਮੇਸ਼ੁਰ ਤੁਹਾਨੂੰ ਬਰਕਤ ਦੇਵੇ।

85 ਹੁਣ, ਪ੍ਰਭੂ ਪ੍ਰਮੇਸ਼ੁਰ, ਲੋਕ ਖੜ੍ਹੇ ਹਨ, ਉਹਨਾਂ ਦੇ ਜੋੜ ਆਕੜ ਰਹੇ ਹਨ। ਪਰ, ਓਹ, ਉਹ ਤੈਨੂੰ ਪਿਆਰ ਕਰਦੇ ਹਨ। ਪ੍ਰਭੂ ਅੱਜ ਇਸ ਜੀਅ ਉੱਠਣ ਦੇ ਦਿਨ ਉਹ ਆਏ ਹਨ। ਹੋ ਸੱਕਦਾ ਹੈ ਉਹ ਕਿਸੇ ਥਾਂ ਤੋਂ ਖਾਲ੍ਹੀ ਕਬਰ ਤੋਂ ਆਏ ਹੋਣ, ਜਿੱਥੇ ਉਹ ਖਾਲ੍ਹੀ ਖੁਸ਼ਖਬਰੀ ਦਾ ਪ੍ਰਚਾਰ ਕਰਦੇ ਹਨ, ਅਤੇ ਕਹਿੰਦੇ ਹਨ, ''ਚੰਗਾ, ਚਮਤਕਾਰਾਂ ਦੇ ਦਿਨ ਲੰਘ ਚੁੱਕੇ ਹਨ।''ਇਸ ਤਰੀਕੇ ਨਾਲ ਹੀ ਉਹਨਾਂ ਉਸ ਕਬਰ ਨੂੰ ਵੇਖਿਆ ਸੀ, ਕਿਉਂਕਿ ਉਹ ਉੱਥੇ ਨਹੀਂ ਸੀ। ਉਹ ਮੁਰਦਿਆਂ ਵਿੱਚੋਂ ਜੀਅ ਉੱਠਿਆ ਹੈ।

86 ਪਰ ਕਲਿਉਪਸ ਅਤੇ ਉਸਦੇ ਮਿੱਤਰ ਨਾਲ ਅੱਜ ਰਾਤ ਬਹੁਤ ਸਾਰੇ ਸਫਰ ਕਰ ਰਹੇ ਹਨ, ਰਾਹ ਤੇ ਜਾਂਦੇ ਇਸਦਾ ਵਿਚਾਰ ਵਟਾਂਦਰਾ ਕੀਤਾ ਹੈ। ਪ੍ਰੰਤੂ, ਹੇ ਪ੍ਰਭੂ ਯਿਸੂ, ਇਹਨਾਂ ਸ਼ਾਮ ਦੇ ਸਮਿਆਂ ਵਿੱਚ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੂੰ ਆਪਣੇ ਜੀ ਉੱਠਣ ਨੂੰ ਅੱਜ ਰਾਤ ਇਸ ਛੋਟੀ ਜਿਹੀ ਕਲੀਸਿਯਾ ਤੇ ਪ੍ਰਗਟ ਕਰੇਂਗਾ। ਇਹਨਾਂ ਨੂੰ ਜਿਹੜੇ ਨਜ਼ਦੀਕ ਖੜ੍ਹੇ ਹਨ, ਸਾਬਤ ਕਰ ਕਿ ਤੂੰ ਨਮਰ ਹੈਂ।ਇਹ ਹੈ ਜੇ ਕਰ ...ਕੋਈ

ਮਤਲਬ ਨਹੀਂ ਇਹ ਕਿੰਨਾ ਵੀ ਨੀਵਾਂ ਹੋਵੇ, ਤੂੰ ਹਰ ਇੱਕ ਉਸ ਜਗ੍ਹਾ ਤੇ ਆਵੇਂਗਾ ਜਿੱਥੇ ਤੇਰਾ ਸੁਆਗਤ ਹੁੰਦਾ ਹੈ, ਜਿੱਥੇ ਤੂੰ ਜਾਣਾ ਚਾਹੁੰਦਾ ਹੈਂ।

87 ਅਤੇ ਪ੍ਰਭੂ, ਇੱਥੇ ਬਹੁਤ ਸਾਰੇ ਹਨ ਜਿਹੜੇ ਲੋੜਵੰਦ ਹਨ। ਬਹੁਤ ਸਾਰੇ ਬਿਮਾਰ ਹਨ ਅਤੇ ਬਹੁਤ ਸਾਰੇ ਮਾਂਦੇ ਹਨ। ਬਹੁਤ ਸਾਰੇ ਤੇਰੇ ਤੋਂ ਬਗੈਰ ਹਨ, ਮਸੀਹ ਤੋਂ ਬਿਨਾਂ, ਖੁਦਾ ਤੋਂ ਬਿਨਾਂ, ਅਤੇ ਉਹ ਮੱਦਦ ਚਾਹੁੰਦੇ ਹਨ। ਪਿਤਾ, ਮੈਂ ਦੁਆ ਕਰਦਾ ਹਾਂ ਕਿ ਅੱਜ ਰਾਤ ਤੂੰ, ਇਸ ਛੋਟੇ ਜਿਹੇ ਭਵਨ ਵਿੱਚ, ਇੱਕ ਵਾਰ ਫਿਰ, ਆਪਣੇ ਆਪ ਨੂੰ ਪ੍ਰਗਟ ਕਰੇਂਗਾ।

88 ਹੇ ਪ੍ਰਭੂ ਪ੍ਰਮੇਸ਼ੁਰ, ਤੂੰ ਆਪਣੇ ਦਾਸ ਨਾਲ ਬਹੁਤ ਹੀ ਭਲਾ ਰਿਹਾ ਹੈਂ। ਅੱਜ ਤੋਂ ਬਹੁਤ ਸਾਲ ਪਹਿਲਾਂ, ਖੁਰਦਰੀ ਜਿਹੀ ਵਿਖਣ ਵਾਲੀ ਛੋਟੀ ਜਿਹੀ ਲੱਕੜ ਦੀ ਝੁੱਗੀ ਵਿੱਚ, ਜਦ ਉੱਥੇ ਲੱਗਭੱਗ ਪੰਦਰਾਂ ਸਾਲ ਦੀ ਜਵਾਨ ਮੇਰੀ ਮਾਂ ਨੇ ਇੱਕ ਸਵੇਰ ਨੂੰ ਤੜਕੇ ਖਿੜ੍ਹਕੀ ਨੂੰ ਖੋਲ੍ਹਿਆ, ਮੈਂ ਆਪਣੀ ਪਹਿਲੀ ਕਿਲਕਾਰੀ ਮਾਰੀ। ਹੇ ਪ੍ਰਭੂ ਪ੍ਰਮੇਸ਼ੁਰ, ਮੈਂ ਹਰ ਇੱਕ ਸਾਲ ਲਈ ਤੇਰਾ ਧੰਨਵਾਦ ਕਰਦਾ ਹਾਂ।ਮੈਂ ਉਹਨਾਂ ਬਹੁਤ ਸਾਰੀਆਂ ਗੱਲਾਂ ਲਈ ਸ਼ਰਮਿੰਦਾ ਹਾਂ ਜਿਹੜੀਆਂ ਮੈਂ ਗਲਤ ਕੀਤੀਆਂ ਹਨ।ਮੈਂ ਦੁਆ ਕਰਦਾ ਹਾਂ, ਤੂੰ ਮੈਨੂੰ ਮੁਆਫ ਕਰ ਦੇਹ।

89 ਹੇ ਪ੍ਰਭੂ, ਜੇ ਮੈਂ ਤੇਰੀ ਨਿਗਾਹ ਵਿੱਚ ਕਿਰਪਾ ਪਾਈ ਹੈ, ਇਸ ਕਮਜ਼ੋਰ ਸ਼ਰੀਰ ਨੂੰ ਤਕੜਾ ਕਰ। ਮੇਰੇ ਬਲ ਨੂੰ ਬਹਾਲ ਕਰ। ਮੇਰੀ ਜਵਾਨੀ ਦੇ ਬਲ ਨੂੰ ਬਹਾਲ ਕਰ, ਜਿਵੇਂ ਤੂੰ ਉਕਾਬਾਂ ਦਾ ਬਲ ਬਹਾਲ ਕਰਦਾ ਹੈਂ, ਅਤੇ ਮੇਰਾ ਸਿਰ ਉੱਚਾ ਉਠਾ, ਪ੍ਰਭੂ, ਅਤੇ ਮੇਰੇ ਦਿਲ ਨੂੰ ਨੀਵਾਂ ਕਰ, ਤਾਂ ਕਿ ਮੈਂ ਚੱਲ ਸਕਾਂ, ਅਤੇ ਪ੍ਰਭੂ, ਆਪਣੇ ਪਿਆਰ ਨੂੰ ਲੋਕਾਂ ਉੱਤੇ ਪ੍ਰਗਟ ਕਰ।ਮੈਨੂੰ ਡੂੰਘਾ ਪਿਆਰ, ਹੋਰ ਵੱਧ ਸਮਰਪਣ, ਗਹਿਰਾ, ਜੀਵਨ ਨਾਲ ਭਰਿਆ, ਭਰਿਆ ਹੋਇਆ ਜੀਵਨ ਬਖਸ਼ ਦੇਹ ਤਾਂ ਕਿ ਮੈਂ ਤੇਰੀ ਸੇਵਾ ਕਰ ਸਕਾਂ।

90 ਪ੍ਰਭੂ, ਅੱਜ ਰਾਤ ਆਪਣੀ ਸ਼ਕਤੀ ਨੂੰ ਰੋਗੀਆਂ ਅਤੇ ਬਿਮਾਰਾਂ ਨੂੰ ਚੰਗੇ ਕਰਨ ਦੁਆਰਾ ਲੋਕਾਂ ਵਿੱਚਕਾਰ ਪ੍ਰਗਟ ਕਰ, ਆਪਣੇ ਜੀਅ ਉੱਠਣ ਦੀ ਗਵਾਹੀ ਦੇ। ਅਤੇ ਅਸੀਂ ਤੈਨੂੰ ਮਹਿਮਾਂ ਦਿਆਂਗੇ, ਪ੍ਰਭੂ ਯਿਸੂ ਦੇ ਨਾਮ ਵਿੰਚ ਅਸੀਂ ਇਹ ਮੰਗਦੇ ਹਾਂ।ਆਮੀਨ।

91 ਭੈਣ ਗਰਟੀ, ਮੈਂ ਇਹ ਪਸੰਦ ਕਰਦਾ ਹਾਂ।ਕਿੰਨੇ ਇਸਨੂੰ ਜਾਣਦੇ ਹਨ,''ਪਵਿੱਤਰ, ਪਵਿੱਤਰ, ਪਵਿੱਤਰ, ਪ੍ਰਭੂ ਪ੍ਰਮੇਸ਼ੁਰ, ਸਰਵ ਸ਼ਕਤੀਮਾਨ''? [ਸੰਗਤ ਆਖਦੀ ਹੈ, ''ਆਮੀਨ।-ਸੰਪਾ] ਆਓ, ਹੁਣ ਇੱਕਠੇ ਮਿਲ ਕੇ, ਇੱਕ ਕਿਸਮ ਨਾਲ ਇਸਨੂੰ ਬਸ ਇੱਕ ਵਾਰ ਗੁਣ ਗੁਣਾਈਏ। ਮੈਂ ਪਿਆਰ ...ਕਿੰਨੇ ਜਣੇ ਉਹਨਾਂ ਪੁਰਾਣੇ ਕਿਸਮ ਦੇ

ਗੀਤਾਂ ਨੂੰ ਪਸੰਦ ਕਰਦੇ ਹਨ? [ਆਮੀਨ।] ਔਹ, ਤੁਸੀਂ ਆਪਣੇ ਸੱਭ ਪੁਰਾਣੇ ਛੋਟੇ, ਕੱਟੇ ਹੋਏ, ਐਲਵਿਸ ਪ੍ਰੈਸਲੀ, ਬੂਗੀ, ਵੂਗੀ ਮਸੀਹਤ ਦੇ ਨਾਮ ਤੇ ਲੈ ਸੱਕਦੇ ਹੋ, ਤੁਸੀਂ ਇਸਨੂੰ ਲੈ ਸੱਕਦੇ ਹੋ। ਮੈਨੂੰ ਉਹ ਪੁਰਾਣੇ ਕਿਸਮ ਦੇ, ਦਿਲ ਨੂੰ ਛੂਹਣ ਵਾਲੇ, ਖੁਸ਼ਖਬਰੀ ਦੇ ਪਿਆਰ ਵਾਲੇ ਗੀਤ ਦਿਓ। ਜੀ ਹਾਂ, ਸ੍ਰੀਮਾਨ।

ਪਵਿੱਤਰ, ਪਵਿੱਤਰ, ਪਵਿੱਤਰ, ਸੈਨਾਵਾਂ ਦਾ ਪ੍ਰਭੂ ਪ੍ਰਮੇਸ਼ੁਰ।
ਸੁਰਗ ਅਤੇ ਧਰਤੀ ਤੇਰੇ ਨਾਲ ਭਰੇ ਹੋਏ ਹਨ,
ਸੁਰਗ ਅਤੇ ਧਰਤੀ ਤੇਰੀ ਪ੍ਰਸ਼ੰਸਾ ਕਰਦੇ ਹਨ,
ਹੇ ਪ੍ਰਭੂ ਅੱਤ ਮਹਾਨ।

92 ਕੀ ਇਹ ਤੁਹਾਨੂੰ ਕੁਝ ਕਰਦਾ ਨਹੀਂ ਹੈ? ਹੁਣ ਬਸ ਭਗਤੀ ਕਰੋ, ਬਸ ਇਕੱਠੇ ਹੋ ਕੇ, ਜਦ ਕਿ ਅਸੀਂ ਉਹ ਗੀਤ ਹੁਣ ਫਿਰ ਦੁਬਾਰਾ ਗਾਉਂਦੇ ਹਾਂ। ਹੁਣ ਸਿਰਫ ਖੁਦਾ ਦੀ ਭਗਤੀ ਕਰੋ, ਹੁਣ ਆਪਣੇ ਆਪਣੇ ਆਪ ਨੂੰ ਨੇੜੇ ਕਰੋ, ਅਤੇ ਹੁਣ ਭਗਤੀ ਕਰੋ, ਜਦ ਕਿ ਅਸੀਂ ਗਾਉਂਦੇ ਹਾਂ।

ਪਵਿੱਤਰ, ਪਵਿੱਤਰ, ਪਵਿੱਤਰ, ਸੈਨਾਵਾਂ ਦਾ ਪ੍ਰਭੂ ਪ੍ਰਮੇਸ਼ੁਰ।
ਸੁਰਗ ਅਤੇ ਧਰਤੀ ਤੇਰੇ ਨਾਲ ਭਰੇ ਹੋਏ ਹਨ,
ਸੁਰਗ ਅਤੇ ਧਰਤੀ ਤੇਰੀ ਪ੍ਰਸ਼ੰਸਾ ਕਰਦੇ ਹਨ,
ਹੇ ਪ੍ਰਭੂ ਅੱਤ ਮਹਾਨ।

93 ਪ੍ਰਭੂ ਪ੍ਰਮੇਸ਼ੁਰ ਅੱਤ ਮਹਾਨ, ਤੂੰ ਸੂਰਜ ਨੂੰ ਉਸਦੇ ਗ੍ਰਹਿਮਾਰਗ ਤੇ ਠਹਿਰਾਇਆ।ਤੂੰ ਚੰਦ ਨੂੰ ਤਾਰਿਆਂ ਨੂੰ ਰੱਖਿਆ। ਤੂੰ ਆਪਣੇ ਹੱਥ ਦੀ ਹਥੇਲੀ ਨਾਲ ਧਰਤੀ ਨੂੰ ਮਿਣਿਆ ਅਤੇ ਤਾਰਿਆਂ ਨੂੰ ਇੱਕੋ ਹੀ ਵਾਰ ਵਿੱਚ ਪਸਾਰਿਆ।ਤੂੰ ਪ੍ਰਮੇਸ਼ੁਰ ਹੈਂ। ਤੂੰ ਉੱਨੀ ਸੌ ਸਾਲ ਪਹਿਲਾਂ ਯਿਸੂ ਨੂੰ ਮੁਰਦਿਆਂ ਵਿੱਚੋਂ ਜੀਵਾਲਿਆ, ਅਤੇ ਸਾਨੂੰ ਉਹ ਮੁਬਾਰਕ ਵਾਇਦਾ ਦੇਣ ਲਈ, ਉਸਨੂੰ ਜੀਉਂਦਾ ਵਿਖਾਇਆ, ਕਿ ਅਸੀਂ ਹੁਣ ਉਸ ਦੀ ਉਡੀਕ ਕਰੀਏ ਜੋ ਦਾਊਦ ਦੇ ਸਿੰਘਾਸਣ ਉੱਤੇ ਬੈਠੇਗਾ, ਅਤੇ ਧਾਰਮਿਕਤਾ ਅਤੇ ਸ਼ਾਤੀ ਨਾਲ ਇਸ ਧਰਤੀ ਉੱਤੇ ਰਾਜ ਕਰੇਗਾ। ਅਸੀਂ ਫਿਰ ਲੜਾਈ ਦਾ ਅਧਿਐਨ ਨਹੀਂ ਕਰਾਂਗੇ। ਅੱਗੇ ਤੋਂ ਨਾ ਹੀ ਭੁੱਖ ਅਤੇ ਨਾ ਹੀ ਦੁੱਖ ਹੋਵੇਗਾ।ਅਗਾਂਹ ਤੋਂ ਉਦਾਸੀ ਨਹੀਂ ਹੋਵੇਗੀ, ਨਾ ਹੀ ਮੌਤ ਹੋਵੇਗੀ।ਪਹਿਲੀਆਂ ਗੱਲਾਂ ਜਾਂਦੀਆਂ ਰਹਿਣਗੀਆਂ।ਅਤੇ ਹੇ ਪ੍ਰਭੂ, ਇਹ ਬਿਲਕੁੱਲ ਨੇੜੇ ਹੈ !

94 ਆਪਣੇ ਬੱਚਿਆਂ ਦੇ ਦਿਲਾਂ ਨੂੰ ਤਕੜਾ ਕਰ। ਅੱਜ ਰਾਤ, ਸਾਨੂੰ ਸਾਡੇ ਦਿਲ ਦੀ ਇੱਛਾਵਾਂ ਬਖਸ਼ ਦੇ।ਪ੍ਰਭੂ, ਸਾਡੇ ਆਪਣੇ ਲਈ ਨਹੀਂ, ਤਾਂ ਕਿ ਸਾਡੇ ਦਿਲਾਂ ਵਿੱਚ ਉਸਦੇ ਜੀ ਉੱਠਣ ਦੀ ਤਾਜ਼ੀ ਗਵਾਹੀ ਹੋਵੇ। ਮੈਂ ਆਪਣੇ ਦਿਲ ਨੂੰ ਨਮਰ ਕਰਦਾ ਹਾਂ

ਅਤੇ ਤੇਰੇ ਅੱਗੇ ਬੇਨਤੀ ਕਰਦਾ ਹਾਂ ਕਿ ਮੇਰੀ ਮੱਦਦ ਕਰ।ਅਤੇ ਸਰੋਤੇ ਆਪਣੇ ਦਿਲਾਂ ਨੂੰ ਨਮਰ ਕਰਦੇ ਹਨ ਅਤੇ ਤੈਥੋਂ ਮੰਗਦੇ ਹਨ ਕਿ ਤੂੰ ਉਹਨਾਂ ਦੀ ਮੱਦਦ ਕਰ, ਤਾਂ ਕਿ ਇਕੱਠੇ ਹੀ ਅਸੀਂ ਜੀ ਉੱਠੇ ਮਸੀਹ ਨੂੰ ਵੇਖ ਸਕੀਏ।

95 ਪ੍ਰਭੂ, ਸਾਡੇ ਵਿੱਚਕਾਰ ਆ। ਇਸ ਕਲੀਸਿਯਾ ਨੂੰ ਪਵਿੱਤਰ ਕਰ। ਮੈਂ ਪ੍ਰਮੇਸ਼ੁਰ ਦੀਆਂ ਰਹਿਮਤਾਂ ਮੰਗਦਾ ਹਾਂ।ਪ੍ਰਭੂ, ਸਾਡਾ ਨਿਆਂ ਨਾ ਕਰ। ਅਸੀਂ ਨਿਆਂ ਲਈ ਨਹੀਂ ਕਹਿੰਦੇ ਹਾਂ। ਅਸੀਂ ਦਯਾ ਮੰਗਦੇ ਹਾਂ। ਹੇ ਅਨੰਤ ਖੁਦਾ, ਸਾਨੂੰ ਕਿਰਪਾ ਦੇ, ਅਤੇ ਆਪਣੀ ਆਪਣੇ ਪਿਆਰ ਅਤੇ ਹਜ਼ੂਰੀ ਨੂੰ ਸਾਡੇ ਵਿੱਚ ਪ੍ਰਗਟ ਕਰ।ਕਿਉਂਕਿ ਅਸੀਂ ਇਹ ਯਿਸੂ ਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

96 ਔਹ, ਮੈਂ ਹੋਰ ਵੀ ਭਗਤੀ ਕਰਨੀ ਮਹਿਸੂਸ ਕਰ ਰਿਹਾ ਹਾਂ। ਮੇਰਾ ਦਿਲ ਭਰਿਆ ਹੋਇਆ ਹੈ ! ਕਿੰਨੀ ਪੱਕੀ ਨਿਸ਼ਚਿਤਤਾ ਹੈ ! ਯਿਸੂ ਮਸੀਹ ਮੁਰਦਿਆਂ ਵਿੱਚੋਂ ਜੀਅ ਉੱਠਿਆ ਹੈ।

97 ਇਹ ਸੰਤਾ ਕਲਾਓਸ ਦੀ ਕਹਾਣੀ ਵਾਂਗ ਨਹੀਂ ਹੈ। ਜੇ ਮੈਂ ਤੁਹਾਡੇ ਬੱਚਿਆਂ ਅੱਗੇ ਕੁਝ ਗਲਤ ਕਹਿ ਰਿਹਾ ਹਾਂ, ਤੁਸੀਂ ਮੈਨੂੰ ਮਾਫ ਕਰਨਾ; ਮੇਰਾ ਇਹ ਮਤਲਬ ਨਹੀਂ ਹੈ। ਪਰ ਮੈਂ ਬੱਚਿਆਂ ਨੂੰ ਸੱਚ ਦੱਸਣ ਵਿੱਚ ਵਿਸ਼ਵਾਸ ਰੱਖਦਾ ਹਾਂ। ਸਮਝੇ?

98 ਮੈਂ ਸੱਚ ਜਾਣਨਾ ਚਾਹੁੰਦਾ ਹਾਂ।ਉਹਨਾਂ ਨੇ ਮੈਨੂੰ ਯਿਸੂ ਦੇ ਬਾਰੇ ਵਿੱਚ ਦੱਸਿਆ।ਜੇ ਉਹ ਮੁਰਦਿਆਂ ਵਿੱਚੋਂ ਨਹੀਂ ਜੀਅ ਉੱਠਿਆ ਹੈ, ਤਾਂ ਫਿਰ ਇਹ ਇੱਕ ਮਨਘੜਤ ਕਹਾਣੀ ਹੈ। ਜੇ ਉਹ ਕੱਲ, ਅੱਜ ਅਤੇ ਯੁੱਗੋ, ਯੁੱਗ ਇੱਕੋ ਜਿਹਾ ਨਹੀਂ ਹੈ, ਤਾਂ ਫਿਰ ਇਹ ਇੱਕ ਮਨਘੜਤ ਕਥਾ ਹੈ। ਫਿਰ ਜੇਕਰ ਉਹ ਆਪਣੇ ਆਪ ਨੂੰ ਜੀਉਂਦਾ ਪ੍ਰਮੇਸ਼ੁਰ ਪ੍ਰਗਟ ਨਹੀਂ ਕਰਦਾ ਹੈ, ਤਾਂ ਫਿਰ ਉਹ ਸ਼ਾਇਦ ਮਰਿਆ ਹੋਇਆ ਹੈ।

99 ਪਰ ਮੈਂ ਇਹ ਜਾਣ ਕੇ ਬਹੁਤ ਖੁਸ਼ ਹਾਂ ਕਿ ਉਹ ਮੁਰਦਿਆਂ ਵਿੱਚੋਂ ਜੀਅ ਉੱਠਿਆ ਹੈ, ਅਤੇ ਹੁਣ ਉਹ ਜੀਉਂਦਾ ਹੈ।ਉਹ ਇੱਥੇ ਹੈ।ਅਤੇ ਇਹ ਪਵਿੱਤਰ ਥਾਵਾਂ, ਜਿਵੇਂ ਕਿ ਅੱਜ ਸਵੇਰ ਮੈਂ ਇਸ ਬਾਰੇ ਬੋਲਿਆ ਸੀ ਕਿ ਕੋਈ ਵੀ ਤੁਹਾਡੇ ਦਿਲ ਵਿੱਚੋਂ ਇਸਨੂੰ ਕਦੇ ਨਹੀਂ ਕੱਢ ਸੱਕਦਾ ਹੈ। ਮੁਸਾਫਿਰ, ਕਾਸ਼ ਕਿ ਅੱਜ ਰਾਤ, ਪ੍ਰਮੇਸ਼ੁਰ ਤੁਹਾਡੀਆਂ ਅੱਖਾਂ ਨੂੰ ਖੋਲ੍ਹ ਦੇਵੇ, ਅਤੇ ਤੁਹਾਨੂੰ ਪਤਾ ਲਗਾ ਦੇਵੇ ਕਿ ਉਸਦਾ ਪੁੱਤਰ ਮੁਰਦਿਆਂ ਵਿੱਚੋਂ ਜੀਅ ਉੱਠਿਆ ਹੈ ਅਤੇ ਆਪਣੇ ਆਪ ਨੂੰ ਪ੍ਰਗਟ ਕਰਨ ਲਈ ਉਹ ਇੱਥੇ ਹੈ।

100 ਹੁਣ, ਮੈਂ ਬਿਲੀ ਨੂੰ ਪੁੱਛਿਆ ਸੀ ਕਿ ਕਿੰਨੇ ਹਨ ਜਿਹਨਾਂ ਲਈ ਦੁਆ ਕੀਤੀ ਜਾਣੀ ਹੈ।ਉਹ ਨਹੀਂ ਜਾਣਦਾ ਸੀ। ਇੱਥੇ ਕਿੰਨੇ ਜਣੇ ਹਨ, ਬਿਮਾਰ ਲੋਕ, ਜਿਹੜੇ ਦੁਆ ਕਰਾਉਣੀ ਚਾਹੁੰਦੇ ਹਨ, ਸਾਰੀ ਇਮਾਰਤ ਵਿੱਚ ਆਪਣੇ ਹੱਥਾਂ ਨੂੰ ਖੜ੍ਹੇ ਕਰੋ। ਇਮਾਰਤ ਵਿੱਚ ਸਾਰੇ ਪਾਸੇ ਹਨ, ਜਿਹੜੇ ਚਾਹੁੰਦੇ ਹਨ। ਇਹ ਬਹੁਤ ਜਿਆਦਾ ਹਨ, ,ਵੇਖਿਆ, ਇਹ ਵੱਧ ਹਨ ... ਇਹ ਸੰਗਤ ਵਿੱਚੋਂ ਦੋ ਤਿਹਾਈ ਹਨ।ਪ੍ਰਾਰਥਨਾ ਲਾਈਨ ਵਿੱਚ ਇੱਥੇ ਸਾਰਿਆਂ ਨੂੰ ਲਿਆਉਣਾ, ਇਹ ਬਹੁਤ ਮੁਸ਼ਕਿਲ ਹੋਵੇਗਾ।ਅਸੀਂ ਇਹ ਨਹੀਂ ਕਰ ਸੱਕਦੇ ਹਾਂ।ਮੈਂ ਉਸਨੂੰ ਕਾਰਡ ਦੇਣ ਬਾਰੇ ਕਿਹਾ ਸੀ।ਅਤੇ ਅਸੀਂ ਉਹਨਾਂ ਨੂੰ ਕਤਾਰ ਵਿੱਚ ਲਿਆਉਣ ਦੀ ਕੋਸ਼ਿਸ਼ ਕਰਾਂਗੇ, ਜਿੰਨਿਆਂ ਨੂੰ ਵੀ ਅਸੀਂ ਵੱਧ ਤੋਂ ਵੱਧ ਲਿਆ ਸਕੇ। ਅਤੇ ਮੇਰਾ ਅਨੁਮਾਨ ਹੈ ... ਤੂੰ ਇੱਕ ਸੌ ਕਾਰਡ ਦਿੱਤੇ ਹਨ? ਬਿਲਕੁੱਲ ਠੀਕ ਹੈ? ਜੀ ਹਾਂ, ਉਸਨੇ ਇੱਕ ਸੌ ਕਾਰਡ ਦਿੱਤੇ ਹਨ, ਅਤੇ ਮੇਰਾ ਅਨੁਮਾਨ ਹੈ, ਅਤੇ ਇਮਾਰਤ ਵਿੱਚ ਢਾਈ ਸੌ ਤੋਂ ਵੱਧ ਨਹੀਂ ਹਨ, ਜਾਂ ਇਸੇ ਤਰ੍ਹਾਂ ਹਨ। ਇਸ ਲਈ, ਸੰਭਵ, ਇੱਥੇ ਬਹੁਤ ਸਾਰੇ ...

101 ਇੱਥੇ ਕਿੰਨਿਆਂ ਕੋਲ ਪ੍ਰਾਰਥਨਾ ਕਾਰਡ ਨਹੀਂ ਹਨ, ਅਤੇ ਤੁਸੀਂ ਚਾਹੁੰਦੇ ਹੋ ਕਿ ਖੁਦਾ ਤੁਹਾਨੂੰ ਚੰਗਾ ਕਰੇ? ਬਿਲਡਿੰਗ ਵਿੱਚ ਸਾਰੇ ਪਾਸੇ, ਆਪਣੇ ਹੱਥ ਖੜ੍ਹੇ ਕਰੋ, ਜਿਹਨਾਂ ਨੂੰ ਪ੍ਰਾਰਥਨਾ ਕਾਰਡ ਨਹੀਂ ਮਿਲੇ ਹਨ।ਲੱਗ ਭੱਗ ਅੱਧੇ ਹਨ। ਠੀਕ ਹੈ।ਹੁਣ ਸਿਰਫ ਇੱਕ ਹੀ ਯੋਗ ਤਰੀਕਾ ਹੈ ਜਿਸ ਰਾਹੀਂ ਅਸੀਂ ਇਹ ਕਰ ਸੱਕਦੇ ਹਾਂ।

102 ਮੇਰੇ ਦਿਮਾਗ ਵਿੱਚ ਕੁਝ ਹੈ। ਮੇਰੇ ਦਿਲ ਵਿੱਚ ਕੁਝ ਹੈ। ਮੈਂ ਇਸ ਨੂੰ ਕਹਿ ਨਹੀਂ ਸੱਕਦਾ ਹਾਂ ਜਦ ਤੱਕ ਕਿ ਮੈਨੂੰ ਇਹ ਨਾ ਪਤਾ ਹੋਵੇ ਕਿ ਮੈਂ ਕੀ ਕਹਿ ਰਿਹਾ ਹਾਂ। ਮੈਂ ਦੁਆ ਕਰ ਰਿਹਾ ਹਾਂ। ਮੈਂ ਪ੍ਰਮੇਸ਼ੁਰ ਨੂੰ ਫੜ੍ਹਿਆ ਹੋਇਆ ਹੈ। ਮੈਂ ਪਿੱਛੇ ਮਾਰੂਥਲ ਦੇ ਪਿਛਵਾੜੇ ਜਾ ਰਿਹਾ ਹਾਂ। ਮੈਂ- ਮੈਂ- ਮੈਨੂੰ ਪ੍ਰਮੇਸ਼ੁਰ ਨਾਲ ਫਿਰ ਮੁਲਾਕਾਤ ਕਰਨੀ ਪੈਣੀ ਹੈ।ਬਸ ਕੁਝ ਹੈ। ਮੈਨੂੰ ਉਹਨਾਂ ਥਾਵਾਂ ਤੇ ਜਾਣਾ ਪੈਣਾ ਹੈ, ਜਿੱਥੇ ਮੈਂ ਕੁਝ ਸਾਲ ਪਹਿਲਾਂ ਸੀ।ਮੈਂ ਉਸ ਨਾਲ ਗੱਲ ਕਰਨੀ ਚਾਹੁੰਦਾ ਹਾਂ।ਮੈਂ- ਮੈਂ ਉਸਨੂੰ ਦਰਸ਼ਨ ਵਿੱਚ ਦੋ ਵਾਰ ਵੇਖਿਆ ਹੈ। ਮੈਨੂੰ ਆਸ ਹੈ ਕਿ ਇਸ ਤੋਂ ਪਹਿਲਾਂ ਕਿ ਮੈਂ ਚਲਾ ਜਾਵਾਂ ਉਸਨੂੰ ਫਿਰ ਵੇਖ ਸਕਾਂਗਾ। ਲਿਖਤਾਂ ਵਿੱਚ ਕੁਝ ਹੈ ਜੋ ਮੈਂ ਲੱਭਿਆ ਹੈ। ਮੈਂ- ਮੈਂ- ਮੈਂ ਨਹੀਂ ਜਾਣਦਾ ਹਾਂ। ਇਹ ਮੇਰੇ ਦਿਲ ਉੱਤੇ ਹੈ। ਅਤੇ ਹਰ ਵਾਰ ਜਦ ਮੈਂ ਇਸਨੂੰ ਬੋਲਦਾ ਹਾਂ, ਕੁਝ ਵਾਪਰਦਾ ਹੈ। ਅਤੇ ਮੈਂ ਬਸ ... ਮੈਂ ਹਾਂ ... ਮੈਂ- ਮੈਂ ਇੱਕ ਸਥਾਨ ਤੇ ਹਾਂ, ਮੈਂ ਨਹੀਂ ਜਾਣਦਾ ਕਿ ਕੀ ਕਰਨਾ ਹੈ। ਮੈਂ ਵਿਸ਼ਵਾਸ ਕਰਦਾ ਹਾਂ ਕਿ ਇਹ ਸੇਵਕਾਈ ਜਿਹੜੀ ਮੇਰੀ ਹੁਣ ਹੈ, ਧੁੰਧਲੀ ਹੋ ਰਹੀ ਹੈ, ਕਿ ਇਸ ਤੋਂ ਕੁਝ ਮਹਾਨ ਇਸ ਦਾ ਸਥਾਨ ਲੈਣ ਜਾ ਰਿਹਾ ਹੈ। ਇਸ ਅਗਲੇ ਹਫਤੇ ਜਾਂ ਦੋ ਹਫਤੇ ਬਾਦ, ਵੇਖਣ ਲਈ ਜੇ ਮੈਂ ਆਪਣੇ ਪ੍ਰਭੂ ਨਾਲ ਸੰਪਰਕ ਕਰ ਸਕਿਆ, ਮੈਂ ਮਾਰੂਥਲ ਦੇ ਪਿਛਲੇ ਪਾਸੇ, ਪਵਿੱਤਰ ਭੂਮੀ ਤੇ ਜਾ ਰਿਹਾ ਹਾਂ, ਜੇ ਮੈਂ ਜਾ ਸਕਿਆ। ਮੈਂ ਅਰਾਮ ਨਹੀਂ ਕਰ ਸੱਕਦਾ ਹਾਂ, ਮੈਂ ਸ਼ਾਂਤੀ ਵਿੱਚ ਨਹੀਂ ਰਹਿ ਸੱਕਦਾ ਹਾਂ, ਜਦ ਤੱਕ ਕਿ ਮੈਂ ਉਸਨੂੰ ਮਿਲ ਨਹੀਂ

ਲੈਂਦਾ, ਜਦ ਤੱਕ ਕਿ ਮੈਂ ਲੱਭ ਨਹੀਂ ਲੈਂਦਾ ਕਿ ਇਹ ਸਾਰਾ ਕਿਸ ਬਾਰੇ ਹੈ। ਮੈਂ ਇਸਨੂੰ ਸਮਝ ਨਹੀਂ ਸੱਕਦਾ ਹਾਂ। ਉਸਨੇ ਹਾਲੇ ਤੱਕ ਮੈਨੂੰ ਮੋੜਿਆ ਨਹੀਂ ਹੈ; ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਇਸ ਵਾਰ ਵੀ ਉਹ ਨਹੀਂ ਮੋੜੇਗਾ। ਮੈਂ ਪ੍ਰਸ਼ੰਸਾ ਕਰ ਰਿਹਾ ਹਾਂ। ਮੈਂ ਉਸ ਅੱਗੇ ਪ੍ਰਾਰਥਨਾ ਕਰ ਰਿਹਾ ਹਾਂ ਕਿ ਮੇਰੀ ਮੱਦਦ ਕਰ।

103 ਇਹ ਨਹੀਂ ਕਿ ਮੈਂ- ਮੈਂ- ਮੈਂ ਚਾਹੁੰਦਾ ਨਹੀਂ ਹਾਂ। ਮੇਰੇ, ਮੈਂ ਇੱਥੇ ਵਾਪਸ ਆ ਸੱਕਦਾ ਹਾਂ, ਅਤੇ ਪ੍ਰਚਾਰ ਕਰ ਸੱਕਦਾ ਹਾਂ, ਅਤੇ ਅਗਾਂਹ ਵੱਧ ਸੱਕਦਾ ਹਾਂ। ਮੇਰਾ ਅਨੁਮਾਨ ਹੈ ਮੇਰੇ ਕਾਫੀ ਮਿੱਤਰ ਹਨ ਜਿਹੜੇ ਮੇਰੀ ਮੱਦਦ ਕਰਨ ਲਈ ਦਿਆਲੂ ਹਨ। ਇਹ ਇਸ ਤਰ੍ਹਾਂ ਨਹੀਂ ਹੈ। ਇਹ ਵਿਚਾਰ ਨਹੀਂ ਹੈ। ਇਹ ਸੇਵਕਾਈ ਜਿਹੜੀ ਮੈਂ ਕਰ ਰਿਹਾ ਹਾਂ, ਜੇ ਪ੍ਰਮੇਸ਼ੁਰ ਮੇਰੇ ਨਾਲ ਰਹੇ, ਮੈਂ ਇਸਨੂੰ ਲਗਾਤਾਰ ਕਰ ਸੱਕਦਾ ਹਾਂ। ਮੈਂ ਲਗਾਤਾਰ ਜਾਰੀ ਰਹਿ ਸੱਕਦਾ ਹਾਂ।

104 ਪਰ ਮੇਰਾ ਹਿਰਦਾ ਸੰਤੁਸ਼ਟ ਨਹੀਂ ਹੈ। ਕੋਈ ਗਹਿਰਾਈ ਹੈ ਜੋ ਗਹਿਰਾਈ ਨੂੰ ਪੁਕਾਰ ਰਹੀ ਹੈ। ਕੁਝ ਹੈ ਜੋ ਗਤੀ ਕਰ ਰਿਹਾ ਹੈ। ਇੰਝ ਲੱਗਦਾ ਹੈ ਮੈਂ ਆਪਣਾ ਹੱਥ ਇਸ ਉੱਤੇ ਰੱਖ ਸੱਕਦਾ ਹਾਂ, ਪ੍ਰੰਤੂ, ਪ੍ਰਭੂ, ''ਇਹ ਕਿਸ ਸਥਾਨ ਤੇ ਹੈ?'' ਇਹ ਮੇਰੇ ਲਈ ਨਹੀਂ ਹੈ।ਇਹ ਉਸਦੇ ਲੋਕਾਂ ਲਈ ਹੈ।ਇਹ ਪ੍ਰਮੇਸ਼ੁਰ ਦੇ ਬੱਚਿਆਂ ਲਈ ਹੈ।ਮੈਂ ਬਸ ਕੁਰਬਾਨੀਆਂ ਕਰਦਾ ਹਾਂ।

105 ਮੈਂ ਇੱਕ ਬੁੱਢਾ ਆਦਮੀ ਹਾਂ। ਮੇਰੇ ਦਿਨ ਪੂਰੇ ਹੋ ਰਹੇ ਹਨ। ਮੇਰੀ ਜਵਾਨੀ ਦੇ ਦਿਨ ਚਲੇ ਗਏ ਹਨ। ਇੱਕ ਉਨੰਜਾ ਸਾਲ ਦਾ ਬੰਦਾ ਹੁਣ ਅੱਗੇ ਨੂੰ ਬੱਚਾ ਨਹੀਂ ਹੈ। ਅਸੀਂ ਇਹ ਜਾਣਦੇ ਹਾਂ।ਇੱਕ ਸਾਲ ਹੋਰ ਹੈ ਮੈਂ ਪੰਜਾਹ ਸਾਲ ਦਾ ਹੋ ਜਾਵਾਂਗਾ। ਮੈਂ ਹੁਣ ਲੜਕਾ ਨਹੀਂ ਹਾਂ।ਮੇਰੇ ਬੱਚੇ ਹਨ ਜੋ ਮੈਂ ਪਾਲਣੇ ਹਨ। ਇਹ ਸੱਚ ਹੈ।

106 ਪਰ, ਭਾਈ, ਇਹਨਾਂ ਸੱਭ ਤੋਂ ਵੱਧ, ਮੇਰੇ ਕੋਲ ਕਰਨ ਲਈ ਪ੍ਰਮੇਸ਼ੁਰ ਦਾ ਕੰਮ ਹੈ। ਮੈਨੂੰ ਜਰੂਰ ਪਤਾ ਲਾਉਣਾ ਪੈਣਾ ਹੈ ਕਿ ਮੇਰੇ ਅੰਦਰ ਇਹ ਤੀਬਰ ਇੱਛਾ ਕਿਸ ਬਾਰੇ ਹੈ। ਮੈਨੂੰ ਤਦ ਤੱਕ ਲੱਭਣਾ ਪੈਣਾ ਹੈ ਜਦ ਤੱਕ ਕਿ ਮੈਨੂੰ ਪਤਾ ਨਹੀਂ ਲੱਗ ਜਾਂਦਾ। ਮੈਂ ਉਸਨੂੰ ਕਿਤੇ ਜਰੂਰ ਮਿਲਣਾ ਹੈ।ਮੈਂ ਜਰੂਰ ਜਾਣਨਾ ਹੈ।

107 ਮੇਰਾ ਅਨੁਮਾਨ ਹੈ ਇੱਥੇ ਕੁਝ ਬੈਠੇ ਹੋਏ ਹਨ, ਜੋ ਇਸ ਭਵਨ ਦੇ ਹਨ, ਜੋ ਦਸ ਜਾਂ ਬਾਰਾਂ ਸਾਲ ਤੋਂ ਇੱਥੇ ਹਨ, ਜਦ ਮੈਂ ਇਹ ਹੀ ਟਿੱਪਣੀ ਇੱਕ ਵਾਰ ਇੱਥੇ ਕੀਤੀ ਸੀ। ਇੱਥ ਕਿੰਨੇ ਹਨ ਜਿੰਨਿਆਂ ਨੂੰ ਇਹ ਯਾਦ ਹੈ? ਜਰਾ ਉੱਠੇ ਹੋਏ ਹੱਥਾਂ ਨੂੰ ਵੇਖੋ।'' ਕੁਝ ਇੱਥੇ ਹੈ,'' ਮੈਂ ਕਿਹਾ, ''ਇੱਥੇ ਕੁਝ ਹੈ, ਜਿਸਨੂੰ ਮੈਂ ਲੱਗਭੱਗ ਛੂਹ ਸੱਕਦਾ ਹਾਂ। ਇਹ ਬਿਲਕੁੱਲ ਨਜ਼ਦੀਕ ਹੈ।'' ਉਸ ਤੋਂ ਬਾਦ, ਮੈਂ ਥੋੜ੍ਹਾ ਜਿਹਾ ਮੈਂ ਜਾਣਦਾ ਹਾਂ, ਜਦ ਇੱਥੇ ਹੇਠਾਂ ਨਦੀ ਤੇ ਮੇਰੇ ਨਾਲ ਦੂਤ ਨੇ ਗੱਲ ਕੀਤੀ ਸੀ, ਤੁਹਾਡੇ ਸਾਰਿਆਂ ਦੇ

ਸਾਹਮਣੇ, ਅਤੇ ਕਿਹਾ ਸੀ, ''ਜਿਵੇਂ ਯੂਹੰਨਾ ਬਪਤਿਸਮਾ ਦੇਣ ਵਾਲਾ ਪਹਿਲੀ ਆਮਦ ਦੇ ਅੱਗੇ ਭੇਜਿਆ ਗਿਆ ਸੀ, ਤੇਰਾ ਸੰਦੇਸ਼ ਸਾਰੇ ਸੰਸਾਰ ਵਿੱਚ ਜਾਵੇਗਾ।''ਇਹ ਹੋ ਗਿਆ ਹੈ। ਹਰ ਇੱਕ ਦੇਸ਼ ਵਿੱਚ ਹੁਣ ਚੰਗਾਈ ਸਭਾਵਾਂ ਹੋ ਰਹੀਆਂ ਹਨ, ਪੂਰੀ ਦੁਨੀਆਂ ਵਿੱਚ, ਇੱਥੋਂ ਤੱਕ ਕਿ ਉੱਪਰ ਰੂਸ ਵਿੱਚ ਵੀ। ਜੀ ਹਾਂ, ਸ਼੍ਰੀਮਾਨ। ਹਰ ਜਗ੍ਹਾ, ਚੰਗਾਈ ਸਭਾਵਾਂ ਚੱਲ ਰਹੀਆਂ ਹਨ, ਜਿੱਥੇ ਕਿ ਇਹ ਮਰ ਚੁੱਕੀਆਂ ਸਨ।

108 ਹੁਣ ਇੱਥੇ ਕੁਝ ਮਹਾਨ ਹੈ ਜੋ ਗਤੀ ਕਰ ਰਿਹਾ ਹੈ। ਇੱਥੇ ਹੈ ... ਮੈਂ ਤੂਤ ਦੇ ਪੱਤਿਆਂ ਦੀ ਹਨੇਰੀ ਦੀ ਅਵਾਜ਼ ਸੁਣਨ ਦੀ ਉਡੀਕ ਕਰ ਰਿਹਾ ਹਾਂ। ਮੈਂ ਜਾ ਰਿਹਾ ਹਾਂ। ਮੇਰੇ ਲਈ ਦੁਆ ਕਰਨੀ।

109 ਹੁਣ ਜਿਵੇਂ ਮੈਂ, ਯਿਸੂ ਮਸੀਹ ਦੇ ਜੀ ਉੱਠਣ ਦੇ ਪ੍ਰਗਟੀਕਰਣ ਦੀ ਇਸ ਸੇਵਕਾਈ ਵਿੱਚ ਹਾਂ। ਜੇ ਉਹ ਜੀਉਂਦਾ ਹੈ, ਤਾਂ ਉਹ ਹਰ ਇੱਕ ਵਾਇਦਾ ਪੂਰਾ ਕਰਦਾ ਹੈ। ਇਹਨਾਂ ਦੋ ਹਜ਼ਾਰ ਸਾਲਾਂ ਵਿੱਚ ਉਸਨੂੰ ਕਿਸ ਨੇ ਜੀਉਂਦਾ ਰੱਖਿਆ ਹੈ? ਕਿਸਨੇ ਉਸ ਅਨੰਤ ਚਾਨਣ ਨੂੰ ਬਲਦਾ ਰੱਖਿਆ ਹੈ? ਹੁਣ ਇਹ ਸ਼ਾਮ ਦਾ ਸਮਾਂ ਹੈ। ਉਸਦਾ ਕਿਸੇ ਚੀਜ਼ ਦਾ ਪ੍ਰਗਟਾਵਾ ਜੋ ਉਸਨੇ ਕੀਤਾ ਸੀ, ਜਿਵੇਂ ਕਿ ਉਸਨੇ ਸਲੀਬ ਦਿੱਤੇ ਜਾਣ ਤੋਂ ਪਹਿਲਾਂ ਕੀਤਾ ਸੀ। ਉਸਨੇ ਆਪਣੇ ਆਪ ਨੂੰ ਚੇਲਿਆਂ ਉੱਤੇ ਪ੍ਰਗਟ ਕੀਤਾ ਸੀ। [ਭਾਈ ਬ੍ਰਾਨਹਾਮ ਆਪਣੀ ਉਂਗਲ ਨਾਲ ਇੱਕ ਵਾਰ ਖੜ੍ਹਾਕ ਕਰਦੇ ਹਨ– ਸੰਪ] ਉਹਨਾਂ ਨੇ ਇਸਨੂੰ ਛੇਤੀ ਨਾਲ ਪਛਾਣ ਲਿਆ ਸੀ, ਕਿ ਇਹ ਉਹ ਹੈ। ਹੁਣ ਉਹ ਓਹੀ ਕੰਮ ਦੁਬਾਰਾ ਕੇਰਗਾ।

110 ਕਿੰਨੇ ਜਣੇ ਇੱਥੇ ਹਨ ਜੋ ਮੇਰੀਆਂ ਦੂਸਰੀਆਂ ਸੰਗਤੀਆਂ ਵਿੱਚ ਰਹੇ ਹਨ? ਆਓ ਸਾਰੀ ਇਮਾਰਤ ਵਿੱਚ ਆਪਣੇ ਹੱਥਾਂ ਨੂੰ ਵਿਖਾਓ। ਮੇਰਾ ਅਨੁਮਾਨ ਹੈ ਇਹ ਸੌ ਫੀਸਦੀ ਹੈ ਇਸ ਲਈ ਮੈਨੂੰ ਇਸ ਵਿੱਚ ਨਹੀਂ ਜਾਣਾ ਪਵੇਗਾ। ਤੁਸੀਂ ਜਾਣਦੇ ਹੋ ਕੀ ਉਮੀਦ ਕਰਨੀ ਹੈ।

111 ਅੱਜ ਰਾਤ, ਕਿੰਨੇ ਜਣੇ ਤਾਂਘ ਵਿੱਚ ਹਨ ਅਤੇ ਉਸਨੂੰ ਫਿਰ ਵੇਖਣ ਦੀ ਉਡੀਕ ਕਰ ਰਹੇ ਹਨ, ਕਿ ਉਹ ਦ੍ਰਿਸ਼ ਤੇ ਆਵੇ? ''ਕੀ ਤੂੰ ਜੀ ਉੱਠਿਆ ਮਸੀਹ ਹੈਂ?''ਪ੍ਰਮੇਸ਼ੁਰ ਤੁਹਾਨੂੰ ਬਰਕਤ ਦੇਵੇ। ਹੁਣ ਬਸ ਵਿਖਾਉਣ ਲਈ ਕਿ ਉਹ ਜੀਉਂਦਾ ਹੈ।

112 ਇਹ ਕਿੰਨਾ ਸੀ? [ਕੋਈ ਆਖਦਾ ਹੈ, ''X''– ਸੰਪ ] ਠੀਕ ਹੈ।ਆਓ ਜਰਾ ਕੁ ...ਅਸੀਂ ਇੱਕੋ ਸਮੇਂ ਬਹੁਤ ਸਾਰਿਆਂ ਨੂੰ ਨਹੀਂ ਬੁਲਾ ਸੱਕਦੇ ਹਾਂ। ਅਸੀਂ ਖੜ੍ਹੇ ਹੋ ਸੱਕਦੇ ਹਾਂ, ਹੋ ਸੱਕਦਾ ਹੈ ਚਾਰ ਜਾਂ ਪੰਜ ਇੱਕ ਸਮੇਂ ਤੇ ਜਾਂ ਇਸੇ ਹੀ ਤਰ੍ਹਾਂ। ਠੀਕ ਹੈ।

113 ਹੁਣ ਆਓ ਪ੍ਰਾਰਥਨਾ ਕਾਰਡ ਨਾਲ ਸ਼ੁਰੂ ਕਰੀਏ, ਅਤੇ ਉਹਨਾਂ ਨੂੰ ਖੜ੍ਹੇ ਕਰਨਾ ਸ਼ੁਰੂ ਕਰੀਏ।ਆਓ ਨੰਬਰ ਇੱਕ ਲਈਏ। ਇਹ ਕਿਹਦੇ ਕੋਲ ਹੈ? ਆਪਣੇ ਕਾਰਡ ਤੇ ਵੇਖੋ। ਨੰਬਰ ਇੱਕ। ਇੱਕ? [ਕੋਈ ਕਹਿੰਦਾ ਹੈ, ''ਭਾਈ ਬਿਲ, ਇੱਥੇ ਹੈ।''- ਸੰਪ] ਔਹ, ਮੈਨੂੰ ਮੁਆਫ ਕਰਨਾ। ਇਸਤਰੀ, ਠੀਕ ਹੈ।ਇੱਕ।ਨੰਬਰ ਦੋ।ਨੰਬਰ ਤਿੰਨ।ਕੀ ਤੁਸੀਂ ਖੜ੍ਹੇ ਹੋ ਸੱਕਦੇ ਹੋ, ਕੋਈ ਵੀ ਜਿਸ ਕੋਲ ਨੰਬਰ ਤਿੰਨ ਹੈ? ਨੰਬਰ ਚਾਰ। ਨੰਬਰ ਪੰਜ।ਨੰਬਰ ਛੇ।ਠੀਕ ਹੈ।ਨੰਬਰ ਸੱਤ।ਕਿਰਪਾ ਕਰਕੇ ਨੰਬਰ ਸੱਤ। ਠੀਕ ਇੱਥੇ ਹੈ।ਸੋ ਅੱਠ, ਨੰਬਰ ਅੱਠ। ਨੰਬਰ ਨੌ। ਠੀਕ ਹੈ, ਸ੍ਰੀਮਾਨ। ਨੰਬਰ ਦਸ। ਪਿੱਛੇ ... ਆਓ ਵੇਖੀਏ ਅਸੀਂ ਕਿੰਨੇ ... [''ਇੱਥੇ ਦਸ ਹਨ।''] ਠੀਕ ਹੈ। ਆਓ ਇਸ ਤੋਂ ਸ਼ੁਰੂ ਕਰੀਏ ਅਤੇ ਫਿਰ ਅਸੀਂ ਵੇਖ ਸੱਕਦੇ ਹਾਂ, ਸ਼ਾਇਦ ਅਸੀਂ ਕੁਝ ਹੋਰ ਲੈ ਸੱਕਦੇ ਹਾਂ।

114 ਇਮਾਰਤ ਵਿੱਚ ਕਿੰਨੇ ਹਨ ਜਿਹੜੇ ਮੈਨੂੰ ਨਈਂ ਜਾਣਦੇ ਹਨ? ਮੈਂ ਤੁਹਾਨੂੰ ਨਈਂ ਜਾਣਦਾ ਹਾਂ, ਅਤੇ ਤੁਸੀਂ ਚਾਹੁੰਦੇ ਹੋ ਕਿ ਪ੍ਰਮੇਸ਼ੁਰ ਤੁਹਾਨੂੰ ਚੰਗਾ ਕਰੇ, ਆਪਣਾ ਹੱਥ ਉੱਪਰ ਉਠਾਓ। ਤੁਸੀਂ ਜਿਹਨਾਂ ਨੂੰ ਪਤਾ ਹੈ ਕਿ ਉਹ ਮੈਨੂੰ ਨਹੀਂ ਜਾਣਦੇ ਹਨ। ਠੀਕ ਹੈ। ਬਸ ਪੂਰੀ ਤਰ੍ਹਾਂ ਸਤਿਕਾਰ ਯੋਗ ਬਣੇ ਰਹੋ।

115 ਹੁਣ, ਸਾਡਾ ਪ੍ਰਭੂ ਯਿਸੂ ਜਦ ਉਹ ਧਰਤੀ ਉੱਤੇ ਸੀ ... ਜਦ ਉਹ ਲੋਕਾਂ ਨੂੰ ਕਤਾਰਾਂ ਵਿੱਚ ਬਿਠਾ ਰਹੇ ਸਨ। ਸਾਡਾ ਪ੍ਰਭੂ ਯਿਸੂ ਜਦ ਉਹ ਧਰਤੀ ਉੱਤੇ ਸੀ, ਉਸਨੇ ਕਦੇ ਵੀ ਚੰਗਾਈ ਦੇਣ ਵਾਲਾ ਹੋਣ ਦਾ ਦਾਅਵਾ ਨਹੀਂ ਕੀਤਾ ਸੀ।ਕਿੰਨੇ ਜਣੇ ਇਹ ਜਾਣਦੇ ਹਨ? [ਸੰਗਤ ''ਆਮੀਨ,'' ਕਹਿੰਦੀ ਹੈ।-ਸੰਪ ] ਉਸਨੇ ਕਿਹਾ, ''ਇਹ ਮੇਰਾ ਪਿਤਾ ਹੈ ਜੋ ਮੇਰੇ ਵਿੱਚ ਰਹਿੰਦਾ ਹੈ।'' ਕਿੰਨੇ ਜਾਣਦੇ ਹਨ ਕਿ ਉਸਨੇ ਇਹ ਕਿਹਾ।''ਮੈਂ ਆਪਣੇ ਆਪ ਤੋਂ ਕੁਝ ਨਹੀਂ ਕਰਦਾ ਹਾਂ; ਪਰ ਜੋ ਮੈਂ ਪਿਤਾ ਨੂੰ ਕਰਦੇ ਵੇਖਦਾ ਹਾਂ, ਓਹੀ ਪੁੱਤਰ ਕਰਦਾ ਹੈ। [''ਆਮੀਨ।'']

116 ਹੁਣ, ਅਤੇ ਜਦ ਉਹ ਇੱਕ ਆਦਮੀ ਨੂੰ ਮਿਲਿਆ ਜੋ ਸੀ ... ਆਦਮੀ।ਅਤੇ ਉਸ ਨੇ ਆਪਣੇ ਆਪ ਨੂੰ ਯਹੂਦੀਆਂ ਦੀ ਨਸਲ ਅੱਗੇ ਪ੍ਰਗਟ ਕਰ ਦਿੱਤਾ। ਉਸਨੇ ਆਦਮੀ ਨੂੰ ਇਹ ਦੱਸਣ ਦੁਆਰਾ ਕੀ ਉਹ ਕਿੱਥੇ ਦਾ ਹੈ ਅਤੇ ਕੀ ਕਰ ਰਿਹਾ ਸੀ, ਚਮਤਕਾਰ ਕੀਤਾ। ਅਤੇ ਉਹਨਾਂ ਉਸ ਉੱਤੇ ਨਿਹਚਾ ਕੀਤੀ।

117 ਅਤੇ ਜਦ ਉਸਨੇ ਆਪਣੇ ਆਪ ਨੂੰ ਸਾਮਰੀਆਂ ਦੀ ਨਸਲ ਤੇ ਪ੍ਰਗਟ ਕੀਤਾ, ਤਾਂ ਉਸ ਨੇ ਇੱਕ ਔਰਤ ਨੂੰ ਦੱਸਿਆ ਕਿ ਉਸਦੀ ਸਮੱਸਿਆ ਕੀ ਸੀ, ਅਤੇ ਉਸਨੇ ਉਸ ਉੱਤੇ ਨਿਹਚਾ ਕੀਤੀ, ਅਤੇ ਸਾਰੀ ਜਾਤੀ ਨੇ।ਕੀ ਇਹ ਠੀਕ ਹੈ? [ਸੰਗਤ ਆਖਦੀ ਹੈ, ''ਆਮੀਨ।''-ਸੰਪਾ]

118 ਪ੍ਰੰਤੂ ਯਾਦ ਰੱਖੋ, ਉਸਨੇ ਇਹ ਪਰਾਈ ਜਾਤੀ ਨਾਲ ਕਦੇ ਨਹੀਂ ਕੀਤਾ, ਪਰਾਈ ਜਾਤੀ ਦੇ ਸਾਹਮਣੇ ਇਹ ਕਦੇ ਨਹੀਂ ਕੀਤਾ।ਕਿਉਂਕਿ ...ਕਿੰਨੇ ਜਾਣਦੇ ਹਨ ਕਿ ਇਹ ਪਰਾਈਆਂ ਜਾਤੀਆਂ ਦਾ ਯੁੱਗ ਹੈ? [ਸੰਗਤ ਆਖਦੀ ਹੈ, ''ਆਮੀਨ।''-ਸੰਪਾ] ਪਰ ਹੁਣ ਸ਼ਾਮ ਦੇ ਚਾਨਣੇ ਆ ਗਏ ਹਨ।ਕਿਸ ਕਿਸਮ ਦਾ ਚਾਨਣ ਚਮਕਿਆ ਸੀ? ਸੂਰਜ ਦੇ ਛੁਪਣ ਦੇ ਸਮੇਂ ਕਿਸ ਪ੍ਰਕਾਰ ਦਾ ਚਾਨਣ ਚਮਕਿਆ ਸੀ? ਉਹ ਹੀ ਸੂਰਜ, ਜਦ ਇਹ ਉੱਪਰ ਆਉਂਦਾ ਹੈ, ਪੂਰਬ ਵਿੱਚ ਚਮਕਦਾ ਹੈ।ਕੀ ਤੁਸੀਂ ਇਹ ਵਿਸ਼ਵਾਸ ਕਰਦੇ ਹੋ? [''ਆਮੀਨ।''] ਕੀ ਇਹ ਉਹ ਹੀ ਪੁੱਤਰ (SON) ਹੈ ਜਿਹੜਾ ਧਰਤੀ ਉੱਤੇ ਘੁੰਮਿਆ ਸੀ? [''ਆਮੀਨ।''] ਕੀ ਇਹ ਹੀ ਪੁੱਤਰ (SON) ਹੈ ਜੋ ਵਿਖਾਲੀ ਦਿੱਤਾ ਅਤੇ ਵਾਪਸ ਆਪਣਾ ਚਾਨਣ ਵਿਖਾਇਆ? ਅਤੇ ਸਾਰਾ ਦਿਨ ਇਹ ਹਨੇਰਾ ਰਿਹਾ ਸੀ; ਬਸ ਇੱਕ ਧੁੰਧਲਾ ਦਿਨ; ਅਤੇ ਫਿਰ, ਬਸ ਪੁੱਤਰ (SON) ਦੇ ਹੇਠਾਂ ਜਾਣ ਤੋਂ ਪਹਿਲਾਂ, ਇਹ ਫਿਰ ਚਮਕਿਆ ਹੈ। ਇਹ ਉੱਥੇ ਪਿਛਾਂਹ, ਸਾਮਰੀਆਂ ਅਤੇ ਯਹੂਦੀਆਂ ਉੱਤੇ ਚਮਕਿਆ ਸੀ, ਪਰ ਪਰਾਈ ਜਾਤੀ ਤੇ ਨਹੀਂ; ਕੱਲ, ਅੱਜ ਅਤੇ ਯੁੱਗੋ- ਯੁੱਗ ਇੱਕੋ ਜਿਹਾ ਹੋਣ ਲਈ, ਫਿਰ ਉਸ ਨੇ ਓਹੀ ਚਾਨਣ ਪਰਾਈਆਂ ਜਾਤੀਆਂ ਤੇ ਵੀ ਚਮਕਾਉਣਾ ਹੈ। [''ਆਮੀਨ।''] ਹੁਣ, ਤੁਸੀਂ ਵਿਸ਼ਵਾਸ ਕਰਦੇ ਹੋ।

ਹੁਣ ਭੈਣ, ਗਰਟੀ, ਬਸ ਇੱਕ ਪਲ, ਬਿਲਕੁੱਲ ਸ਼ਾਂਤੀ ਨਾਲ।

119 ਹੁਣ, ਇਸ ਪ੍ਰਾਰਥਨਾ ਪੰਕਤੀ ਵਿੱਚ, ਮੇਰਾ ਅਨੁਮਾਨ ਹੈ, ਤੁਹਾਡੇ ਵਿੱਚੋਂ ਬਹੁਤ ਸਾਰਿਆਂ ਨੂੰ ਮੈਂ ਨਹੀਂ ਜਾਣਦਾ ਹਾਂ। ਹੁਣ ਤੁਹਾਡੇ ਵਿੱਚੋਂ ਇੱਥੇ ਕਿੰਨੇ ਹਨ, ਜਿਹਨਾਂ ਬਾਰੇ ਮੈਂ ਨਹੀਂ ਜਾਣਦਾ ਹਾਂ ਕਿ ਤੁਹਾਡੀ ਕੀ ਸਮੱਸਿਆ ਹੈ, ਜਾਂ ਤੁਹਾਡੇ ਬਾਰੇ ਕੁਝ ਨਹੀਂ ਜਾਣਦਾ ਹਾਂ? ਤੁਹਾਨੂੰ ਇਹ ਪਤਾ ਹੈ। ਆਪਣੇ ਹੱਥ ਉੱਪਰ ਉਠਾਓ, ਤੁਸੀਂ ਜਿਹੜੇ ਪ੍ਰਾਰਥਨਾਂ ਦੀ ਲਾਈਨ ਵਿੱਚ ਹੋ, ਜਿਹੜੇ ਇਹ ਜਾਣਦੇ ਹਨ ਕਿ ਮੈਂ ਤੁਹਾਡੇ ਬਾਰੇ ਕੁਝ ਵੀ ਨਹੀਂ ਜਾਣਦਾ ਹਾਂ।

120 ਸੰਗਤ ਵਿੱਚ ਕਿੰਨੇ ਹਨ ਜਿਹਨਾਂ ਨੂੰ ਪਤਾ ਹੈ ਕਿ ਮੈਂ ਤੁਹਾਡੇ ਬਾਰੇ ਵਿੱਚ ਕੁਝ ਵੀ ਨਹੀਂ ਜਾਣਦਾ ਹਾਂ। ਮੈਨੂੰ ਕੋਈ ਪ੍ਰਵਾਹ ਨਹੀਂ ਭਾਵੇਂ ਤੁਸੀਂ ਇੱਥੇ ਹੋ, ਹੁਣ, ਮੈਨੂੰ ਤੁਹਾਡੇ ਬਾਰੇ ਕੁਝ ਵੀ ਪਤਾ ਨਹੀਂ ਹੈ।ਠੀਕ ਹੈ।ਠੀਕ ਹੈ।ਬਸ ਨਿਹਚਾ ਕਰੋ।

121 ਹੁਣ, ਇੱਕ ਵਾਰ ਸਾਡਾ ਪ੍ਰਭੂ ਇੱਕ ਛੋਟੀ ਜਿਹੀ ਮੁਰਦਾ ਲੜਕੀ ਨੂੰ ਜਿਵਾਲਣ ਜਾ ਰਿਹਾ ਸੀ, ਅਤੇ ਇੱਕ ਔਰਤ ਨੇ ਉਸਦਾ ਪੱਲਾ ਛੂਹਿਆ। ਅਤੇ ਉਹ ਮੁੜਿਆ ਅਤੇ ਕਿਹਾ, ''ਮੈਨੂੰ ਕਿਸ ਨੇ ਛੂਹਿਆ ਹੈ?'' ਅਤੇ ਹਰ ਕੋਈ ਸ਼ਾਂਤ ਖੜ੍ਹਾ ਸੀ। ਉਹਨਾਂ ਨੇ ਇਨਕਾਰ ਕੀਤਾ ਕਿ ਅਸੀਂ ਨਹੀਂ ਛੂਹਿਆ ਹੈ।ਪਰ ਉਸਨੇ ਦੁਆਲੇ ਵੇਖਿਆ ...

122 ਅਤੇ ਉਹਨਾਂ ਵਿੱਚੋਂ ਕਈਆਂ ਨੇ ਉਸਨੂੰ ਝਿੜਕਿਆ, ਅਤੇ ਪਤਰਸ ਨੇ ਕਿਹਾ, ਪ੍ਰਭੂ, ਤੂੰ ਇਹ ਕਿਵੇਂ ਕਹਿ ਸੱਕਦਾ ਹਾਂ ਕਿ ਤੈਨੂੰ ਕਿਸੇ ਨੇ ''ਛੂਹਿਆ ਹੈ, ਜਦਕਿ ਸਾਰੀ ਭੀੜ ਤੈਨੂੰ ਛੂਹ ਰਹੀ ਹੈ?''

123 ਉਸਨੇ ਕਿਹਾ, ''ਪ੍ਰਭੂ ਮੈਂ- ਮੈਂ .. ਮੇਰੇ ਵਿੱਚੋਂ ਸ਼ਕਤੀ ਨਿੱਕਲੀ ਹੈ,'' ਇਹ ''ਸਮਰਥ'' ਹੈ।

124 ਅਤੇ ਉਸਨੇ ਦੁਆਲੇ ਵੇਖਿਆ ਜਦ ਤੱਕ ਕਿ ਉਸਨੇ ਲੱਭ ਨਾ ਲਿਆ ਕਿ ਕੌਣ ... ਉਸਨੂੰ ਕਿਸ ਤਰ੍ਹਾਂ ਪਤਾ ਲੱਗਾ ਉਹ ਕਿਹੜੀ ਔਰਤ ਹੈ? ਇਹ ਉਸ ਔਰਤ ਦਾ ਆਪਣਾ ਵਿਸ਼ਵਾਸ ਸੀ; ਕਿਉਂਕਿ ਉਸਨੇ ਇਹ ਕਿਹਾ ਸੀ, ''ਤੇਰੇ ਵਿਸ਼ਵਾਸ ਨੇ ਤੈਨੂੰ ਬਚਾਇਆ ਹੈ। ਤੇਰੇ ਲਹੂ ਵਹਿਣ ਦੀ ਬਿਮਾਰੀ ਜੋ ਕਿ ਤੈਨੂੰ ਸੀ, ਖਤਮ ਹੋ ਗਈ ਹੈ। ਤੇਰੀ ਨਿਹਚਾ ਨੇ ਤੈਨੂੰ ਚੰਗਾ ਕੀਤਾ ਹੈ।''

125 ਜਿਹੜਾ ਯਿਸੂ ਕੱਲ ਸੀ, ਓਹੀ ਯਿਸੂ ਅੱਜ ਹੈ।ਜੇ ਉਹ ਓਹੀ ਕੰਮ ਅੱਜ ਕਰ ਸੱਕਦ ਹੈ ਤਾਂ ਉਹ ਆਪਣਾ ਸਬੂਤ ਦਿੰਦਾ ਹੈ ਕਿ ਉਹ ਅੱਜ ਵੀ ਉਸੇ ਤਰ੍ਹਾਂ ਹੈ।

126 ਇੰਝ ਲੱਗਦਾ ਹੈ ਕਿ ਜਿਵੇਂ ਮੈਨੂੰ ਇੱਥੇ ਇਸ ਔਰਤ ਨੂੰ ਜਾਣਨਾ ਚਾਹੀਦਾ ਹੈ। ਕੀ ਤੂੰ ਪਹਿਲਾ ਇਨਸਾਨ ਹੈਂ? ਕੀ ਤੂੰ ਹੈਂ ... ਮੈਨੂੰ ਸ਼ਾਇਦ ਤੈਨੂੰ ਜਾਣਨਾ ਚਾਹੀਦਾ ਹੈ। ਮੈਂ ਤੈਨੂੰ ਨਹੀ ਜਾਣਦਾ ਹਾਂ। ਤੇਰਾ ਚਿਹਰਾ ਜਾਣਿਆ ਪਛਾਣਿਆ ਲੱਗਦਾ ਹੈ। ਮੈਨੂੰ ਨਹੀਂ ਪਤਾ ਹੈ। ਪਰ, ਜੋ ਕੁਝ ਵੀ ਇਹ ਹੈ, ਤੂੰ ਖੜ੍ਹੀ ਹੋਈ ਹੈਂ ਅਤੇ ਇੱਥੇ ਆਈਂ ਹੈਂ। ਮੈਂ ਕਹਿਣਾ ਚਾਹੁੰਦਾ ਹਾਂ, '' ਜੇ ਮੈਂ ਤੈਨੂੰ ਜਾਣਦਾ ਹੁੰਦਾ ... ਮੈਨੂੰ ਨਹੀਂ ਚਾਹੀਦਾ। ਮੈਨੂੰ ਤੇਰਾ ਨਾਮ ਨਹੀਂ ਪਤਾ ਹੈ।ਪਰ ਇੰਝ ਲੱਗਦਾ ਹੈ ਜਿਵੇਂ ਮੈਂ ਤੈਨੂੰ ਵੇਖਿਆ ਹੋਵੇ, ਅਤੇ ਸ਼ਾਇਦ ਮੈਂ ਤੈਨੂੰ ਵੇਖਿਆ ਹੋਵੇ। ਪਰ ਮੈਂ ਇਹ ਨਹੀਂ ਜਾਣਦਾ ਹਾਂ ਕਿ ਤੂੰ ਇੱਥੇ ਕਿਸ ਲਈ ਆਈਂ ਹੈਂ। ਮੈਨੂੰ ਕੋਈ ਅੰਦਾਜ਼ਾ ਨਹੀਂ ਤੂੰ ਇੱਥੇ ਕਿਉਂ ਆਈਂ ਹੈਂ। ਪਰ ਬਸ ... ਤੂੰ, ਤੇਰਾ ਚਿਹਰਾ ਜਾਣਿਆ ਪਛਾਣਿਆ ਲੱਗਦਾ ਹੈਂ।ਕੀ ਮੈਂ ਤੈਨੂੰ ਜਾਣਦਾ ਹਾਂ? ਮੈਂ- ਮੈਂ ਤੈਨੂੰ ਨਹੀਂ ਜਾਣਦਾ ਹਾਂ।ਠੀਕ ਹੈ, ਫਿਰ ਤੂੰ ਇੱਕ ਅਜਨਬੀ ਹੈਂ। ਉਸਦਾ ਚਿਹਰਾ ਮੈਨੂੰ ਜਾਣਿਆ ਪਛਾਣਿਆ ਲੱਗਦਾ ਹੈ। ਮੈਂ ਬਸ ਨਹੀਂ ਜਾਣਦਾ ਸੀ। ਮੈਂ ਯਕੀਨੀ ਹੋਣਾ ਚਾਹੰਦਾ ਸੀ।

127 ਹੁਣ ਹਰ ਕੋਈ ਸੁਚੇਤ ਹੈ, ਜੇ ਤੁਹਾਡੇ ਵਿੱਚ ਤੁਹਾਡੇ ਕੋਈ ਆਤਮਿਕਤਾ ਹੈ ਤਾਂ ਹੁਣੇ ਹੀ ਕੁਝ ਹੋਣ ਜਾ ਰਿਹਾ ਹੈ।ਔਹ, ਕੀ ਤੁਸੀਂ ਨਹੀਂ – ਕੀ ਤੁਸੀਂ ਬਸ ਨਹੀਂ ...ਲੱਗਦਾ ਹੈ ਤੂੰ ਇਸਨੂੰ ਮਹਿਸੂਸ ਨਹੀਂ, ਪ੍ਰਭੂ ਇਸਨੂੰ ਮਹਿਸੂਸ ਕਰਦੀ ਹੈਂ। ਮੈਨੂੰ ਪਤਾ ਹੈ ਕਿ ਪ੍ਰਭੂ ਦਾ ਉਹ ਦੂਤ ਬਿਲਕੁੱਲ ਇੱਥੇ, ਇਸ ਡੈਸਕ ਤੇ ਹੈ। ਕੀ ਤੂੰ ਇੱਥੇ ਉਸ ਤਸਵੀਰ, ਉਹ ਰੌਸ਼ਨੀ, ਵੇਖਦੀ ਹੈ? ਉਹ ਰੌਸ਼ਨੀ ਹੁਣ ਠੀਕ ਇੱਥੇ ਹੈ।

ਤੁਸੀਂ ਕਹਿੰਦੇ ਹੋ, ''ਅਸੀਂ ਉਸਨੂੰ ਨਹੀਂ ਵੇਖਦੇ ਹਾਂ।''

128 ਨਾ ਹੀ ਉਹਨਾਂ ਨੇ ਉਹ ਦੂਤ ਵੇਖੇ ਸਨ ਜਿਹਨਾਂ ਉਹਨਾਂ ਨੂੰ ਦੱਸਿਆ ਸੀ, ''ਉਸਨੇ ਤੁਹਾਨੂੰ ਗਲੀਲ ਵਿੱਚ ਹੁੰਦਿਆ ਇਹ ਦੱਸਿਆ ਸੀ।'' ਉਹ ਉੱਥੇ ਸਨ।

129 ਅਤੇ ਉਹ ਇੱਥੇ ਹੈ।ਉਹ ਮਸੀਹ ਹੈ, ਜੀ ਉੱਠਿਆ ਹੋਇਆ। ਕਿੰਨੇ ਜਾਣਦੇ ਹਨ ਕਿ ਅੱਜ, ਉਹ ਮਸੀਹ ਰੌਸ਼ਨੀ ਦੀ ਸ਼ਕਲ ਵਿੱਚ ਹੈ? [ਸੰਗਤ ਆਖਦੀ ਹੈ, ''ਆਮੀਨ।''–ਸੰਪ] ਯਕੀਨਨ। ਬਾਈਬਲ ਕਹਿੰਦੀ ਹੈ ਕਿ ਉਹ ਹੈ।

130 ਹੁਣ ਤੁਸੀਂ ਬਹੁਤ ਹੀ ਆਦਰ ਪੂਰਵਕ ਰਹੋ। ਆਲੇ ਦੁਆਲੇ ਨਾ ਘੁੰਮੋ। ਜਿੱਥੇ ਕਿਤੇ ਵੀ ਤੁਸੀਂ ਹੋ, ਬਸ ਦੁਆ ਕਰੋ।

131 ਹੁਣ ਜੇ ਅਸੀਂ ਇੱਕ ਦੂਸਰੇ ਲਈ ਅਜਨਬੀ ਹਾਂ ... ਅਤੇ ਪ੍ਰਭੂ ਪ੍ਰਮੇਸ਼ੁਰ, ਜੇ ਉਹ ... ਜੇ ਤੂੰ ਬਿਮਾਰ ਹੈਂ, ਅਤੇ ਜੇ ਮੈਂ ਤੈਨੂੰ ਚੰਗਾ ਕਰ ਸੱਕਦਾ, ਮੈਂ– ਮੈਂ– ਮੈਂ ਇਹ ਕਰ ਦਿੰਦਾ; ਪਰ ਮੈਂ ਨਹੀਂ ਕਰ ਸੱਕਦਾ ਹਾਂ। ਮੈਂ ਇਹ ਨਹੀਂ ਕਰ ਸੱਕਦਾ ਹਾਂ, ਕਿਉਂਕਿ ਇਹ ਪਹਿਲਾਂ ਹੀ ਕਰ ਦਿੱਤਾ ਗਿਆ ਹੈ। ਯਿਸੂ ਮਸੀਹ ਜਦ ਉਹ ਕਲਵਰੀ ਉੱਤੇ ਮਰਿਆ ਅਤੇ ਜੀ ਉੱਠਿਆ, ਉਸਨੇ ਇਹ ਕਰ ਦਿੱਤਾ ਸੀ। ਉਸਨੇ ਇਸਨੂੰ ਸਾਬਤ ਕੀਤਾ ਸੀ। ਅਤੇ ਹੁਣ, ਜੇ ਉਹ ਮੇਰੇ ਉੱਤੇ ਪ੍ਰਗਟ ਕਰ ਦੇਵੇ ਕਿ ਤੂੰ ਇੱਥੇ ਕਿਉਂ ਆਈਂ ਹੈਂ।

132 ਹੁਣ, ਜੇ ਉਹ ਇਹਨਾਂ ਕੱਪੜਿਆਂ ਵਿੱਚ ਇੱਥੇ ਖੜ੍ਹਾ ਹੁੰਦਾ ਤਾਂ ਉਸਨੇ ਤੁਹਾਨੂੰ ਜਾਣਨਾ ਸੀ ਕਿ ਤੁਸੀਂ ਕੌਣ ਹੋ। ਉਸਨੇ ਜਾਣ ਲੈਣਾ ਸੀ, ਜੇ ਪ੍ਰਮੇਸ਼ੁਰ ਉਸ ਉੱਤੇ ਇਹ ਪ੍ਰਗਟ ਕਰ ਦਿੰਦਾ।ਉਸਨੇ ਕਿਹਾ, ''ਮੈਂ ਕੁਝ ਨਹੀਂ ਕਰਦਾ ਜਦ ਤੱਕ ਪਿਤਾ ਮੈਨੂੰ ਵਿਖਾ ਨਹੀਂ ਦਿੰਦਾ ਕਿ ਕੀ ਕਰਨਾ ਹੈ।'' ਅਤੇ ਜੇ ਉਹ ਇੱਥੇ ਹੁੰਦਾ, ਅਤੇ ਉਹ ਤੁਹਾਡੇ ਤੇ ਪ੍ਰਗਟ ਕਰ ਦਿੰਦਾ ਕਿ ਤੁਸੀਂ ਕੌਣ ਹੋ, ਤੁਸੀ ਕਿਸ ਥਾਂ ਤੋਂ ਆਏ ਹੋ, ਤੁਹਾਡਾ ਨਾਮ ਕੀ ਹੈ, ਇਸ ਸੰਗਤ ਵਿੱਚ ਆਉਣ ਤੋਂ ਪਹਿਲਾਂ ਤੁਸੀਂ ਕੀ ਕੀਤਾ ਸੀ, ਅਤੇ ਤੁਹਾਡੇ ਦਿਲ ਵਿੱਚ ਕੀ ਹੈ, ਅਤੇ ਇਸੇ ਤਰ੍ਹਾਂ ਹੋਰ ਚੀਜ਼ਾਂ। ਇਹ ਸੰਪੂਰਣ ਕੀਤਾ ਹੋਇਆ ਕੰਮ ਹੈ।ਇਹ ਪਹਿਲਾਂ ਹੀ ਪੂਰਾ ਕਰ ਦਿੱਤਾ ਗਿਆ ਹੈ।ਹੁਣ, ਜੇ ਉਹ ਉਸੇ ਹੀ ਕੰਮ ਨੂੰ ਕਰਦਾ ਹੈ, ਕੀ ਤੂੰ ਵਿਸ਼ਵਾਸ ਕਰੇਂਗੀ ਕਿ ਜੋ ਤੂੰ ਮੰਗ ਰਹੀਂ ਹੈਂ ਉਹ ਤੈਨੂੰ ਮਿਲ ਜਾਵੇਗਾ?

133 ਕੀ ਸੰਗਤ ਆਪਣਾ ਹੱਥ ਪ੍ਰਮੇਸ਼ੁਰ ਵੱਲ ਉੱਚਾ ਚੁੱਕੇਗੀ, ਕਿ ਤੁਸੀਂ ਵੀ ਇਸ ਤੇ ਵਿਸ਼ਵਾਸ ਕਰੋਗੇ, ਜੇ ਉਹ ਇਸ ਔਰਤ ਤੇ ਪ੍ਰਗਟ ਕਰ ਦਿੰਦਾ ਹੈ? ਉਸਨੂੰ ਹੀ ਨਿਆਈਂ ਹੋਣ ਦਿਓ। [ਸੰਗਤ ਆਖਦੀ ਹੈ, ''ਆਮੀਨ।''–ਸੰਪਾ]

134 ਹੁਣ ਜੇ ਕੋਈ ਵੀ ਆ ਕੇ ਇਹ ਜਗ੍ਹਾ ਲੈਣੀ ਚਾਹੁੰਦਾ ਹੈ, ਤੁਹਾਡਾ ਸੁਆਗਤ ਹੈ।

135 ਹੁਣ ਇਹ ਉਹ ਜਗ੍ਹਾ ਹੈ ਜਿੱਥੇ ਮੈਂ ਝੂਠਾ ਸਾਬਤ ਹੋ ਸੱਕਦਾ ਹਾਂ, ਅਤੇ ਪ੍ਰਮੇਸ਼ੁਰ ਦਾ ਬਚਨ ਝੂਠਾ, ਜਾਂ ਫਿਰ ਮੈਂ ਸੱਚ ਦੱਸ ਰਿਹਾ ਹਾਂ ਅਤੇ ਉਸਦਾ ਵਚਨ ਸੱਚਾ ਹੈ।ਠੀਕ ਹੈ। ਮੈਂ ਤੁਹਾਨੂੰ ਦੱਸ ਦਿੱਤਾ ਹੈ। ਕੋਈ ਵੀ ਨਹੀਂ ਹੋ ਸੱਕਦਾ ਹੈ – ਇਸਦੇ ਕੋਲ ਆਉਣ ਲਈ ਕੋਈ ਵੀ ਨਹੀਂ ਹੋ ਸੱਕਦਾ ਹੈ। ਇਹ ਵਿਖਾਉਂਦਾ ਹੈ। ਇਹ ਕਰਦਾ ਹੈ।

136 ਹੁਣ ਜੇ ਔਰਤ ਬਿਮਾਰ ਹੈ, ਅਤੇ ਮੈਂ ਆਪਣੇ ਹੱਥ ਉਸ ਉੱਤੇ ਰੱਖਦਾ ਹਾਂ, ਕਹਿੰਦਾ ਹਾਂ, ‘‘ਭੈਣ, ਤੂੰ ਚੰਗੀ ਹੋਣ ਜਾ ਰਹੀ ਹੈਂ, ਉਹ ਇਸ ਲਈ ਬਸ ਮੇਰੇ ਲਫਜ਼ ਲਵੇਗੀ।ਪਰ ਜੇ ਪਵਿੱਤਰ ਆਤਮਾ ਕੁਝ ਪ੍ਰਗਟ ਕਰਦਾ ਹੈ ਜੋ ਪਿਛੋਕੜ ਵਿੱਚ, ਉਸਦੇ ਜੀਵਨ ਵਿੱਚ ਰਿਹਾ ਹੈ, ਉਹ ਜਾਣਦੀ ਹੈ ਕਿ ਇਹ ਸੱਚ ਹੈ ਜਾਂ ਨਹੀਂ, ਕੁਝ ਅਜਿਹਾ ਜੋ ਹੋਇਆ ਹੈ।ਜੇ ਉਹ ਜਾਣਦਾ ਹੈ ਕੀ ਹੋਇਆ ਹੈ, ਤਾਂ ਉਹ ਯਕੀਨਨ ਜਾਣ ਜਾਵੇਗਾ ਕਿ ਕੀ ਹੋਵੇਗਾ।ਕੀ ਤੁਸੀਂ ਇਹ ਵਿਸ਼ਵਾਸ ਨਹੀਂ ਕਰਦੇ ਹੋ? [ਸੰਗਤ ਆਖਦੀ ਹੈ, ‘‘ਆਮੀਨ।’’–ਸੰਪਾ]

137 ਮੇਰੀ ਭੈਣ, ਹੁਣ ਕਾਸ਼ ਕਿ ਉਹ ਤੈਨੂੰ ਇਹ ਬਖਸ਼ ਦੇਵੇ। ਤਾਂ ਫਿਰ ਸਾਰੇ ਸਰੋਤਿਆਂ ਨੇ ਕਿਹਾ ਹੈ ਕਿ ਉਹ ਨਿਹਚਾ ਕਰ ਲੈਣਗੇ।

138 ਅਤੇ ਤੂੰ ਅਤੇ ਮੈਂ ਦੋਨੋਂ, ਅਜਨਬੀ ਹਾਂ, ਅਤੇ ਬਸ ਇੱਥੇ ਇਸ ਜਗ੍ਹਾ ਮਿਲ ਰਹੇ ਹਾਂ; ਤੂੰ ਇੱਥੇ ਖੜ੍ਹੀ ਹੈਂ, ਕੁਝ ਸਮੱਸਿਆ ਹੈ। ਮੈਂ ਨਹੀਂ ਜਾਣਦਾ ਹਾਂ ਕਿ ਇਹ ਕੀ ਹੈ। ਮੈਨੂੰ ਨਹੀਂ ਪਤਾ ਹੈ। ਕਿਉਂਕਿ ਮੈਂ ਨਹੀਂ ਜਾਣਦਾ ਹਾਂ, ਅਤੇ ਮੈਂ ਕਿਵੇਂ ਜਾਣ ਸੱਕਦਾ ਹਾਂ ਕੀ – ਤੂੰ ਕੀ ਸੈਂ, ਤੇਰੇ ਨਾਲ ਕੀ ਖਰਾਬੀ ਹੈ? ਪਰ ਪ੍ਰਮੇਸ਼ੁਰ ਜਾਣਦਾ ਹੈ ਕਿ ਤੇਰੀ ਕੀ ਸਮੱਸਿਆ ਹੈ।

ਹੁਣ ਤੁਸੀਂ ਬਸ ਆਦਰਯੋਗ ਬਣੇ ਰਹੋ।

139 ਹੁਣ, ਸ਼ੁਰੂ ਤੋਂ ਹੀ, ਇਹ ਔਰਤ ਇੱਥੇ ਆਪਣੇ ਲਈ ਨਹੀਂ ਆਈ ਹੈ।ਤੂੰ ਇੱਥੇ ਕਿਸੇ ਹੋਰ ਲਈ ਆਈ ਹੈਂ; ਇਹ ਛੋਟਾ ਬੱਚਾ ਹੈ। ਅਤੇ ਇਸ ਦੇ ਨੁਕਸ ਹੈ ... ਇਹ ਬਹੁਤ ਹੀ ਬੇਚੈਨ ਹੈ।ਇਹ ਤੇਰਾ ਪੋਤਾ ਹੈ, ਮੈਂ ਵਿਸ਼ਵਾਸ ਕਰਦਾ ਇਹ ਤੁਹਾਡਾ ਹੈ।ਅਤੇ ਕੋਈ ਅਜੀਬ ਗੱਲ ਹੈ। ਮੈਂ ਉਸ ਬੱਚੇ ਨੂੰ ਇੱਕ ਸ਼ਹਿਰ ਵਿੱਚ ਵੇਖ ਰਿਹਾ ਹਾਂ, ਉਹ ਇਹ ਸ਼ਹਿਰ ਨਹੀਂ ਹੈ। ਇਹ ਨਿਊ ਅਲਬੈਨੀ ਵਰਗਾ ਲੱਗਦਾ ਹੈ।ਇਹ ਸਹੀ ਹੈ। ਅਤੇ ਉਸਨੂੰ ਨਸਾਂ ਸਬੰਧੀ ਬਿਮਾਰੀ ਹੈ। ਅਤੇ ਉਸਨੂੰ ਕੁਝ ਉਸਦੇ ਜਿਗਰ ਵਿੱਚ ਨੁਕਸ

ਹੈ, ਇਸ ਤਰ੍ਹਾਂ ਉਹ ਕਹਿੰਦੇ ਹਨ। ਉਹ ਬਹੁਤ ਜਿਆਦਾ ਉਲਟੀਆਂ ਕਰਦਾ ਹੈ।ਇਹ ਠੀਕ ਹੈ। ਤੂੰ ਇਸਦੇ ਬਾਰੇ ਵਿੱਚ ਬਹੁਤ ਚਿੰਤਾ ਵਿੱਚ ਰਹੀਂ ਹੈਂ, ਅਤੇ ਤੂੰ ਉਸਦੇ ਲਈ ਇੱਥੇ ਖੜ੍ਹੀ ਹੈਂ। ਇਹ *ਯਹੋਵਾਹ ਇਉਂ ਫਰਮਾਉਂਦਾ* ਹੈ।

140 ਤੂੰ ਹੀ ਨਿਆਂ ਕਰ। ਕੀ ਇਹ ਗੱਲਾਂ ਸੱਚ ਹਨ? [ਭੈਣ ਆਖਦੀ ਹੈ,''ਆਮੀਨ।''-ਸੰਪਾ] ਮੈਂ ਨਹੀਂ ਜਾਣਦਾ ਹਾਂ ਮੈਂ ਤੁਹਾਨੂੰ ਕੀ ਦੱਸਿਆ ਹੈ।ਟੇਪ ਇਹ ਜਾਣਦੀ ਹੈ।ਇਹ ਦੱਸਦੀ ਹੈ। ਇਹ ਮੈਨੂੰ ਦੱਸੇਗੀ।ਹੁਣ, ਇਹ ਕਿਸੇ ਤਰੀਕੇ ਨਾਲ, ਕਿਸੇ ਹੋਰ ਲਈ ਸੀ। ਇਹ ਰੁਮਾਲ ਜਿਹੜਾ ਤੇਰੇ ਹੱਥ ਵਿੱਚ ਹੈ, ਉਸ ਉੱਤੇ ਰੱਖ ਦੇਣਾ ਜਦਕਿ ਉਹ ਮਸ੍ਹਾ ਤੇਰੇ ਉੱਤੇ ਹੈ, ਅਤੇ ਸ਼ੱਕ ਨਹੀਂ ਕਰਨੀ, ਅਤੇ ਤੈਨੂੰ ਉਹ ਮਿਲ ਜਾਵੇਗਾ ਜੋ ਤੂੰ ਮੰਗਿਆ ਹੈ। ਜੇ ਉਹ ਜਾਣਦਾ ਹੈ ਕੀ ਸੀ, ਉਹ ਜਾਣਦਾ ਹੈ ਕੀ ਹੋਵੇਗਾ।ਸ਼ੱਕ ਨਾ ਕਰ। ਨਿਹਚਾ ਕਰਦੀ ਹੋਈ ਜਾਹ।

141 ਸ੍ਰੀਮਾਨ, ਤੁਹਾਡਾ ਕੀ ਹਾਲ ਹੈ। [ਭਾਈ ਆਖਦਾ ਹੈ, ''ਪਰੇਜ਼ ਦਾ ਲੱਾਰਡ।''-ਸੰਪਾ] ਮੈਨੂੰ ਲੱਗਦਾ ਹੈ ਕਿ ਅਸੀਂ ਇੱਕ ਦੂਸਰੇ ਲਈ ਅਜਨਬੀ ਹਾਂ। [''ਬਿਲਕੁੱਲ।''] ਅਸੀਂ ਅਜਨਬੀ ਹਾਂ। [''ਇਸ ਸਵੇਰ ਤੋਂ ਪਹਿਲਾਂ, ਮੈਂ ਆਪਣੇ ਜੀਵਨ ਵਿੱਚ ਤੁਹਾਨੂੰ ਪਹਿਲਾਂ ਕਦੇ ਨਹੀਂ ਵੇਖਿਆ ਹੈ।'']

142 ਉਸਨੇ ਕਿਹਾ ਹੈ ਕਿ ਜੀਵਨ ਵਿੱਚ ਉਸਨੇ ਮੈਨੂੰ ਪਹਿਲਾਂ ਕਦੇ ਨਹੀਂ ਵੇਖਿਆ ਹੈ, ਅੱਜ ਸਵੇਰ ਤੋਂ ਪਹਿਲਾਂ।ਹੁਣ, ਸਾਰੇ ਜਣੇ ਬੜੇ ਹੀ ਸ਼ਰਧਾਲੂ ਬਣੇ ਰਹੋ, ਹੁਣ। ਮਸ੍ਹਾ ਪਹਿਲਾਂ ਹੀ ਇੱਥੇ ਘੁੰਮ ਰਿਹਾ ਹੈ, ਤੁਸੀਂ ਸਮਝੇ। ਕਾਸ਼ ਕਿ ਮੈਂ ਇਸਦਾ ਬਿਆਨ ਕਰ ਸੱਕਦਾ।

143 ਪ੍ਰੰਤੂ ਸ੍ਰੀਮਾਨ, ਪ੍ਰਮੇਸ਼ੁਰ ਤੁਹਾਨੂੰ ਜਾਣਦਾ ਹੈ। ਤੁਹਾਡੀ ਕੀ ਸਮੱਸਿਆ ਹੈ, ਜੇ ਪ੍ਰਭੂ ਪ੍ਰਮੇਸ਼ੁਰ ਮੇਰੇ ਉੱਤੇ ਪ੍ਰਗਟ ਕਰ ਦੇਵੇਗਾ, ਜੋ ਕੁਝ ਵੀ ਤੁਹਾਨੂੰ ਚਾਹੀਦਾ ਹੈ, ਕੀ ਤੁਸੀਂ ਉਸਨੂੰ ਆਪਣਾ ਚੰਗਾਈਦਾਤਾ ਜਾਂ ਮੁਕਤੀਦਾਤਾ ਕਬੂਲ ਕਰ ਲਵੋਂਗੇ? ਤੁਸੀਂ ਕਰੋਂਗੇ? [ਭਾਈ ਆਖਦਾ ਹੈ,''ਮੈਂ ਜਰੂਰ ਕਰਾਂਗਾ।- ਸੰਪ] ਹੁਣ ਜਦ ਇਹ ਦਰਸ਼ਨ ਆਉਂਦਾ ਹੈ, ਤੁਸੀਂ ਬਸ ਉਸਨੂੰ ਸੁਣਿਓ। [''ਆਮੀਨ।'']

144 ਤੂੰ ਫਰਸ਼ ਉੱਤੇ ਚੱਲਣ ਦੀ ਕੋਸ਼ਿਸ਼ ਕਰ ਰਿਹਾ ਹੈਂ।ਇਹ ਤੇਰੇ ਗੋਡਿਆਂ ਵਿੱਚ ਕੁਝ ਹੈ। ਇਹ ਤੇਰੇ ਗੋਡਿਆਂ ਵਿੱਚ ਗਠੀਆ ਹੈ। ਤੇਰੀਆਂ ਅੱਖਾਂ ਵਿੱਚ ਵੀ ਸਮੱਸਿਆ ਹੈ। ਇਹ ਕਮਜ਼ੋਰ ਹੋ ਰਹੀਆਂ ਹਨ। [ਭਾਈ ਆਖਦਾ ਹੈ, ''ਇਹ ਸੱਚ ਹੈ।''- ਸੰਪ] ਅਤੇ ਤੇਰੇ ਕੰਨਾਂ ਵਿੱਚ ਵੀ ਮੁਸ਼ਕਿਲ ਹੈ। [''ਇਹ ਸੱਚ ਹੈ।''] ਅਤੇ ਤੇਰੇ ਪੇਟ ਵਿੱਚ ਵੀ ਨੁਕਸ ਹੈ। [ਸ੍ਰੀ ਮਾਨ ਇਹ ਸੱਚ ਹੈ।''] ਇਹ ਸੱਚ ਹੈ। [''ਬਿਲਕੁੱਲ ਸਹੀ ਹੈ। ਇਹ ਬਸ ਉਸੇ ਤਰ੍ਹਾਂ ਸੱਚ ਹੈ ਜਿਵੇਂ ਮੈਂ ਇਹ ਕਿਹਾ ਹੋਵੇ।''] ਤੂੰ ਇਸ ਸ਼ਹਿਰ ਦਾ

ਨਹੀਂ ਹੈਂ। ਤੂੰ ਸਮਰਸੈਟ, ਕੰਨਟਕੀ ਦਾ ਹੈਂ। [''ਇਹ ਸੱਚ ਹੈ।''] ਤੇਰਾ ਨਾਮ ਮਿਸਟਰ ਹਡਸਨ ਹੈ। [''ਇਹ ਸਹੀ ਹੈ।''] ਹੁਣ ਤੂੰ ਵਾਪਸ ਜਾਹ ਆਪਣੇ ਪੂਰੇ ਹਿਰਦੇ ਨਾਲ ਨਿਹਚਾ ਕਰ, ਅਤੇ ਤੂੰ ਚੰਗਾ ਹੋ ਜਾਵੇਂਗਾ।ਇਸਦਾ ਆਪਣੇ ਪੂਰੇ ਦਿਲ ਨਾਲ ਵਿਸ਼ਵਾਸ ਕਰ।

145 ਤੁਸੀਂ ਸਾਰੇ, ਕੀ ਤੁਸੀਂ ਆਪਣੇ ਸਾਰੇ ਦਿਲ ਨਾਲ ਵਿਸ਼ਵਾਸ ਕਰਦੇ ਹੋ? [ਸੰਗਤ ਆਖਦੀ ਹੈ, ''ਆਮੀਨ।''-ਸੰਪਾ] ਪ੍ਰਮੇਸ਼ੁਰ ਉੱਤੇ ਨਿਹਚਾ ਰੱਖੋ।ਸ਼ੱਕ ਨਾ ਕਰੋ, ਬਸ ਵਿਸ਼ਵਾਸ ਕਰੋ।

146 ਪ੍ਰਭੂ ਪ੍ਰਮੇਸ਼ੁਰ ਤੈਨੂੰ ਜਾਣਦਾ ਹੈ, ਭੈਣ ਜੀ। ਕੀ ਤੂੰ ਵਿਸ਼ਵਾਸ ਕਰਦੀ ਹੈਂ ਕਿ ਉਹ ਮੇਰੇ ਉੱਤੇ ਪ੍ਰਗਟ ਕਰ ਸੱਕਦਾ ਹੈ, ਤੂੰ ਇੱਥੇ ਕਿਉਂ ਆਈਂ ਹੈਂ? [''ਭੈਣ ਆਖਦੀ ਹੈ, ''ਮੈਂ ਵਿਸ਼ਵਾਸ ਕਰਦੀ ਹਾਂ।ਮੈਂ ਇਹ ਜਾਣਦੀ ਹਾਂ।''] ਜੇ ਉਹ ਪ੍ਰਗਟ ਕਰੇ, ਕੀ ਤੂੰ ਇਸਨੂੰ ਕਬੂਲ ਕਰੇਂਗੀ? [ ਹਾਂ।'']

[ਭਾਈ ਬ੍ਰਾਨਹਾਮ ਰੁਕ ਜਾਂਦੇ ਹਨ ਅਤੇ ਸੰਗਤ ਵੱਲ ਵੇਖਦੇ ਹਨ- ਸੰਪ]

147 ਇਹ ਵੱਡਾ ਆਦਮੀ ਜੋ ਇੱਥੇ ਬੈਠਾ ਹੈ, ਹਾਂ, ਸ਼੍ਰੀਮਾਨ, ਮੈਂ ਵਿਸ਼ਵਾਸ ਕਰਦਾ ਹਾਂ ਕਿ ਅਸੀਂ ਇੱਕ ਦੂਸਰੇ ਲਈ ਅਨਜਾਣ ਹਾਂ। [ਭਾਈ ਆਖਦਾ ਹੈ, ''ਜੀ ਹਾਂ ਸ਼੍ਰੀਮਾਨ।''- ਸੰਪ] ਪਰ ਬਸ ਕੁਝ ਪਲ ਪਹਿਲਾਂ, ਜਦ ਮੈਂ ਉਸ ਆਦਮੀ ਨਾਲ ਗੱਲ ਕਰ ਰਿਹਾ ਸੀ, ਤੇਰੇ ਨਾਲ ਕੁਝ ਵਾਪਰਿਆ ਹੈ।ਤੂੰ ਆਪਣੇ ਦਿਲ ਵਿੱਚ ਕਿਹਾ, ''ਮੈਂ ਇਹ ਵਿਸ਼ਵਾਸ ਕਰਦਾ ਹਾਂ।'' ਇਹ ਸੱਚ ਹੈ, ਕੀ ਇਹ ਨਹੀਂ ਹੈ? [''ਆਮੀਨ।''] ਜੇ ਪ੍ਰਭੁ ਪ੍ਰਮੇਸ਼ੁਰ ਮੇਰੇ ਉੱਤੇ ਪ੍ਰਗਟ ਕਰ ਦੇਵੇ ਤੂੰ ਕਿਸ ਬਿਮਾਰੀ ਤੋਂ ਚੰਗਾ ਹੋਣਾ ਚਾਹੁੰਦਾ ਹੈਂ, ਕੀ ਤੂੰ ਇਸਨੂੰ ਕਬੂਲ ਕਰੇਂਗਾ? [''ਜੀ ਹਾਂ।''] ਤੈਨੂੰ ਕਿਸੇ ਕਿਸਮ ਦੀ ਖਾਂਸੀ ਹੈ ਜਿਹੜੀ ਤੈਨੂੰ ਪ੍ਰੇਸ਼ਾਨ ਕਰਦੀ ਹੈ।ਇਹ ਠੀਕ ਹੈ। ਆਪਣਾ ਹੱਥ ਉੱਪਰ ਉਠਾ।ਠੀਕ ਹੈ। ਜੇ ਤੂੰ ਇਸ ਤੇ ਵਿਸ਼ਵਾਸ ਕਰੇਂਗਾ, ਤੈਨੂੰ ਇਹ ਫਿਰ ਅੱਗੇ ਤੋਂ ਕਦੇ ਵੀ ਨਹੀਂ ਹੋਵੇਗੀ।ਇਹ ਤੇਰੇ ਤੋਂ ਚਲੀ ਜਾਵੇਗੀ। ਇਸਦਾ ਵਿਸ਼ਵਾਸ ਕਰ।

148 ਉਸਨੇ ਕਿਸਨੂੰ ਛੂਹਿਆ ਹੈ? ਉਸਨੇ ਕੀ ਕੀਤਾ ਹੈ? ਉਸਨੇ ਮੈਨੂੰ ਨਹੀਂ ਮਹਾਂ ਜਾਜਕ ਨੂੰ ਛੂਹਿਆ ਹੈ। ਜੋ ਕਰ ਸੱਕਦਾ ... ਮੈਂ ਇਸ ਆਦਮੀ ਨੂੰ ਕਦੇ ਨਹੀਂ ਵੇਖਿਆ ਹੈ। ਮੈਂ ਉਸਦੇ ਬਾਰੇ ਵਿੱਚ ਕੁਝ ਵੀ ਨਈਂ ਜਾਣਦਾ ਹਾਂ।

149 ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਇਹ ਜੀਅ ਉੱਠਿਆ ਮਸੀਹ ਹੈ। ਕੀ ਇਹ ਬਿਲਕੁੱਲ ਉਹ ਹੀ ਚੀਜ਼ ਨਹੀਂ ਹੈ ਜਿਹੜੀ ਉਸਨੇ ਆਪਣੇ ਜੀ ਉੱਠਣ ਤੋਂ ਬਾਦ ਕੀਤੀ ਸੀ, ਕਿ ਸਾਬਤ ਕਰੇ ਕਿ ਉਹ ਬਦਲਿਆ ਨਹੀਂ ਹੈ? ਕੋਈ ਕਹਿੰਦਾ ਹੈ, ''ਇਹ

ਕਿਸ ਕਿਸਮ ਦਾ ਆਤਮਾ ਹੈ?''ਆਤਮਾ ਹਮੇਸ਼ਾਂ ਆਪਣੇ ਆਪ ਬਾਰੇ ਸਾਖੀ ਦੇਵੇਗਾ।... ਅਸੀਂ ਟਹਿਣੀਆਂ ਹਾਂ; ਉਹ ਅੰਗੂਰ ਦੀ ਵੇਲ ਹੈ। ਕੱਦੂ ਦੀ ਵੇਲ ਕੱਦੂ ਉਤਪਨ ਕਰੇਗੀ; ਅੰਗੂਰ ਦੀ ਵੇਲ ਅੰਗੂਰ ਪੈਦਾ ਕਰੇਗੀ; ਸੇਬ ਦਾ ਰੁੱਖ ਸੇਬ ਪੈਦਾ ਕਰੇਗਾ।ਮਸੀਹੀ ਜੀਵਨ ਮਸੀਹ ਨੂੰ ਪੈਦਾ ਕਰੇਗਾ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ।

150 ਤੇਰੀਆਂ ਅੱਖਾਂ ਖਰਾਬ ਹੋ ਰਹੀਆਂ ਹਨ, ਅਤੇ ਤੂੰ ਆਪਣੀਆਂ ਅੱਖਾਂ ਲਈ ਦੁਆ ਕਰਾਉਣੀ ਚਾਹੁੰਦੀ ਹੈਂ।ਇਹ ਸਹੀ ਹੈ, ਕੀ ਇਹ ਸਹੀ ਨਹੀਂ ਹੈ? ਇਹ ਸੱਚ ਹੈ।ਆਪਣਾ ਹੱਥ ਉੱਪਰ ਉਠਾਓ। ਵੇਖੋ, ਮੈਂ ਤੁਹਾਨੂੰ ਜਾਣਦਾ ਨਹੀਂ ਹਾਂ, ਪਰ ਪ੍ਰਮੇਸ਼ੁਰ ਜਾਣਦਾ ਹੈ।ਪ੍ਰੰਤੂ ਆਪਣਾ ਜੀਵਨ ਤੂੰ ਨਹੀਂ ਲੁਕੋ ਸੱਕਦੀ ਹੈਂ।

151 ਇੱਥੇ ਮੈਂ ਕੁਝ ਹੋਰ ਵੇਖ ਰਿਹਾ ਹਾਂ, ਇੱਕ ਹਸਪਤਾਲ। ਹੁਣ ਇੱਕ ਪਲ ਲਈ। ਇਹ ਅੱਖਾਂ ਦੀ ਜਾਂਚ ਨਹੀਂ ਹੈ। ਇਹ ਨਹੀਂ ਹੈ। ਇਹ ਅਪ੍ਰੇਸ਼ਨ ਹੈ। ਇਹ ਤੂੰ ਨਹੀਂ ਹੈਂ। ਇਹ ਤੁਹਾਡਾ ਦੋਸਤ ਹੈ, ਜਿਸਦਾ ਅਪ੍ਰੇਸ਼ਨ ਹੋਇਆ ਸੀ।ਇਹ ਹੈ ਕੁਝ, ਹਰਨੀਆਂ ਦਾ ਅਪ੍ਰੇਸ਼ਨ ਹੈ, ਅਤੇ ਤੂੰ ਇਸਦੇ ਬਾਰੇ ਵਿੱਚ ਬਹੁਤ ਡਰ ਗਈ ਸੀ, ਕਿਉਂਕਿ ਤੂੰ ਜਾਣਦੀ ਸੀ ਕਿ ਇਹ ਹਰਨੀਆਂ ਤੋਂ ਇਲਾਵਾ ਕੁਝ ਹੋਰ ਹੈ। ਇਹ ਸੱਚ ਹੈ। ਇਹ ਕੋਰੀਡਨ, ਇੰਡੀਆਨਾ ਵਿੱਚ ਹੋਇਆ ਸੀ।ਕੀ ਹੁਣ ਤੂੰ ਆਪਣੇ ਪੂਰੇ ਹਿਰਦੇ ਨਾਲ ਵਿਸ਼ਵਾਸ ਕਰਦੀ ਹੈਂ? [''ਭੈਣ ਆਖਦੀ ਹੈ, ''ਮੈਂ ਪੱਕਾ ਵਿਸ਼ਵਾਸ ਕਰਦੀ ਹਾਂ।''– ਸੰਪ] ਜਾਹ, ਜੋ ਤੂੰ ਮੰਗਿਆ ਹੈ, ਉਸਨੂੰ ਪ੍ਰਾਪਤ ਕਰ ਲੈ। [''ਧੰਨਵਾਦ।''] ਪ੍ਰਭੂ ਯਿਸੂ ਦੇ ਨਾਮ ਵਿੱਚ।

152 ਮੈਂ ਤੁਹਾਡਾ ਚਿਹਰਾ ਜਾਣਦਾ ਹਾਂ। ਜੇ ਮੈਂ ਨਹੀਂ ਹਾਂ... ਯਕੀਨਨ, ਇਹ ਮਸ੍ਹਾ ਹੈ, ਸਮਝੇ।ਪ੍ਰੰਤੂ, ਵਧੀਆ ਜੋ ਮੈਨੂੰ ਯਾਦ ਹੈ, ਕੀ ਤੂੰ ਇੱਕ ਪ੍ਰਚਾਰਕ ਨਹੀਂ ਹੈਂ? ਵੇਖੋ, ਮੈਂ ਬਸ ਜਾਣਨਾ ਚਾਹੁੰਦਾ ਹਾਂ, ਇਸ ਲਈ ਤਾਂ ਕਿ, ਸੰਗਤ ਵੇਖ ਲਵੇ ਕਿ ਇਹ ਕੁਝ ਨਹੀਂ ਹੈ ... ਇਹ ਬਸ ਕੁਝ ਹੈ, ਜਦ ਮੈਂ ਕਿਸੇ ਨੂੰ ਜਾਣਦਾ ਹਾਂ– ਮੈਂ– ਮੈਂ ਉਹਨਾਂ ਨੂੰ ਜਾਣਦਾ ਹਾਂ। ਪਰ ਮੈਂ ਇਹ ਨਹੀਂ ਜਾਣਦਾ ਹਾਂ ਕਿ ਤੁਸੀਂ ਇੱਥੇ ਕਿਸ ਲਈ ਆਏ ਹੋ।ਮੈਨੂੰ ਕੋਈ ਅੰਦਾਜ਼ਾ ਨਹੀਂ ਹੈ। ਜੇ ਇਹ ਸਹੀ ਹੈ ਤਾਂ ਆਪਣਾ ਹੱਥ ਉੱਪਰ ਉਠਾ।ਮੈਂ ਨਹੀਂ ਜਾਣਦਾ ਹਾਂ ਤੂੰ ਇੱਥੇ ਕਿਸ ਲਈ ਹੈਂ। ਪਰ ਮੈਂ ਜਾਣਦਾ ਹਾਂ ਕਿ ਤੂੰ ਬਲੈਕਇਸਟਨ ਮਿਲ, ਜਾਂ ਉਸ ਦੇ ਲਾਗਿਓਂ, ਇੱਕ ਪ੍ਰਚਾਰਕ ਹੈਂ। ਕਿਉਂਕਿ, ਤੂੰ ਇੱਕ ਵਾਰ ਮੇਰੇ ਘਰ ਆਇਆ ਸੀ, ਮੈਂ ਵਿਸ਼ਵਾਸ ਕਰਦਾ ਹਾਂ ਕਿ ਇੱਕ ਬੱਚੇ ਲਈ ਦੁਆ ਕਰਾਉਣ ਲਈ ਜਾਂ ਹੋਰ ਕਿਸੇ ਕੰਮ ਲਈ। ... ਜੀ ਹਾਂ।ਮੈਂ ਜਾਣਦਾ ਹਾਂ ਇਹ ਬੱਚੇ ਦੇ ਬਾਰੇ ਵਿੱਚ ਕੁਝ ਸੀ।ਜੀ ਹਾਂ।

153 ਪ੍ਰੰਤੂ ਤੂੰ ਕਿਸੇ ਕਿਸਮ ਦੀ ਆਂਤੜੀਆਂ ਦੀ ਪ੍ਰੇਸ਼ਾਨੀ ਨਾਲ ਦੁੱਖ ਝੱਲ ਰਿਹਾ ਹੈਂ। ਮੈਨੂੰ ਤੁਹਾਨੂੰ ਦੱਸ ਲੈਣ ਦਿਓ, ਫਿਰ ਤੁਸੀਂ ਜਾਣੋਗੇ ਕਿ ਮੈਂ ਪ੍ਰਮੇਸ਼ੁਰ ਦਾ ਸੇਵਕ ਹਾਂ ਜਾਂ ਨਹੀਂ।ਤੇਰੇ ਦਿਲ ਵਿੱਚ ਕੋਈ ਹੈ, ਜਿਸ ਲਈ ਤੂੰ ਪ੍ਰਾਰਥਨਾ ਕਰਾਉਣੀ ਚਾਹੁੰਦਾ ਹੈਂ, ਅਤੇ ਉਹ ਇੱਕ ਅਪਾਹਜ਼ ਲੜਕੀ ਹੈ।ਉਹ ਇੱਥੇ ਨਹੀਂ ਹੈ। ਉਹ ਨਦੀ ਦੇ ਉਸ ਪਾਸੇ ਹੈ। ਉਹ ਕੰਨਟਕੀ ਵਿੱਚ ਹੈ।ਹੁਣ ਆਪਣੇ ਪੂਰੇ ਹਿਰਦੇ ਨਾਲ ਨਿਹਚਾ ਕਰ। ਤੈਨੂੰ ਉਹ ਮਿਲ ਜਾਵੇਗਾ ਜੋ ਤੂੰ ਮੰਗਿਆ ਹੈ। ਆਮੀਨ।

154 ਕੀ ਤੁਸੀਂ ਵਿਸ਼ਵਾਸ ਕਰਦੇ ਹੋ? ਜੇ ਤੁਸੀਂ ਵਿਸ਼ਵਾਸ ਕਰ ਸਕੋ, ਤੁਸੀਂ ਪ੍ਰਾਪਤ ਕਰ ਸੱਕਦੇ ਹੋ।ਸ਼ੱਕ ਨਾ ਕਰੋ। ਪਿੱਛੇ ਸਰੋਤਿਆਂ ਬਾਰੇ ਕੀ ਖਿਆਲ ਹੈ? ਕੀ ਤੁਸੀਂ ਵਿਸ਼ਵਾਸ ਕਰਦੇ ਹੋ? [ਸੰਗਤ ਆਖਦੀ ਹੈ, ''ਆਮੀਨ।''–ਸੰਪਾ]

155 ਉੱਥੇ ਪਿੱਛੇ ਬਿਲਕੁੱਲ ਖੱਬੇ ਪਾਸੇ, ਇੱਕ ਕਾਲੇ ਰੰਗ ਦੀ ਔਰਤ ਬੈਠੀ ਹੈ, ਉਸਨੂੰ ਔਰਤਾਂ ਵਾਲੀ ਬਿਮਾਰੀ ਹੈ, ਉਹ ਖੱਬੇ ਪਾਸੇ ਬੈਠੀ ਹੋਈ ਹੈ।ਜੇ ਤੂੰ ਆਪਣੇ ਪੂਰੇ ਹਿਰਦੇ ਨਾਲ ਵਿਸ਼ਵਾਸ ਕਰੇਂ, ਔਰਤ, ਤੂੰ ਆਪਣੀ ਚੰਗਾਈ ਲੈ ਸੱਕਦੀ ਹੈਂ।ਕੀ ਤੂੰ ਇਸਦੀ ਨਿਹਚਾ ਕਰਦੀ ਹੈ? ਇਹ ਠੀਕ ਹੈ।ਕਾਲੇ ਰੰਗ ਦੀ ਉਹ ਔਰਤ ਚੌਂਕੀ ਦੇ ਲਾਗੇ, ਆਦਮੀ ਦੇ ਲਾਗੇ ਬੈਠੀ ਹੈ।ਹੁਣ ਉਸਨੇ ਆਪਣਾ ਹੱਥ ਖੜ੍ਹਾ ਕਰ ਲਿਆ ਹੈ। ਤੈਨੂੰ ਔਰਤਾਂ ਵਾਲੀ ਬਿਮਾਰੀ ਹੈ।ਸਹੀ ਹੈ।ਪ੍ਰਭੂ ਪ੍ਰਮੇਸ਼ੁਰ ਨੇ ਤੈਨੂੰ ਚੰਗਾ ਕਰ ਦਿੱਤਾ ਹੈ, ਭੈਣ।ਤੇਰੀ ਨਿਹਚਾ ਨੇ ਤੈਨੂੰ ਚੰਗਾ ਕਰ ਦਿੱਤਾ ਹੈ।

156 ਕੀ ਤੁਸੀਂ ਨਹੀਂ ਵੇਖ ਸੱਕਦੇ ਉਹ ਰੌਸ਼ਨੀ ਉੱਥੇ ਉਸ ਔਰਤ ਉੱਤੇ ਲਟਕ ਰਹੀ ਹੈ? ਉੱਧਰ ਨੂੰ ਵੇਖੋ।

157 ਔਹ, ਕਿੰਨਾ ਅਦਭੁਤ ਹੈ ! ਪ੍ਰਭੂ ਪ੍ਰਮੇਸ਼ੁਰ ਕਦੇ ਫੇਲ ਨਹੀਂ ਹੁੰਦਾ ਹੈ। ਆਦਰ ਪੂਰਵਕ ਰਹੋ। ਔਹ, ਮੈਂ ਬਹੁਤ ਖੁਸ਼ ਹਾਂ ਕਿ ਉਹ ਜੀਉਂਦਾ ਹੈ। ਉਹ ਸਾਡੇ ਦਿਲਾਂ ਵਿੱਚ ਜੀਉਂਦਾ ਹੈ।

158 [ਭੈਣ ਜਿਸਨੂੰ ਬਰਕਤ ਮਿਲੀ ਹੈ, ਅਨੰਦ ਕਰਨਾ ਸ਼ੁਰੂ ਕਰਦੀ ਹੈ।–ਸੰਪ] ''ਜੇ ਤੂੰ ਵਿਸ਼ਵਾਸ ਕਰ ਸਕੇਂ ਸੱਭ ਕੁਝ ਹੋ ਸੱਕਦਾ ਹੈ।''

159 ਮੈਨੂੰ ਲੱਗਦਾ ਹੈ ਕਿ ਅਸੀਂ ਇੱਕ ਦੂਸਰੇ ਲਈ ਅਜਨਬੀ ਹਾਂ।ਮੈਂ ਤੁਹਾਨੂੰ ਨਹੀਂ ਜਾਣਦਾ ਹਾਂ।ਮੈਂ ਤੁਹਾਨੂੰ ਕਦੇ ਵੀ ਨਹੀਂ ਵੇਖਿਆ ਹੈ। ਪਰ ਪ੍ਰਮੇਸ਼ੁਰ ਤੁਹਾਨੂੰ ਜਾਣਦਾ ਹੈ।ਜੇ ਮੈਂ ਤੁਹਾਨੂੰ ਕਦੇ ਵੇਖਿਆ ਹੋਵੇ, ਮੈਨੂੰ ਨਹੀਂ ਪਤਾ।ਪਰ ਜੇ ਪ੍ਰਭੂ ਮੇਰੇ ਉੱਤੇ ਪ੍ਰਗਟ ਕਰ ਦੇਵੇ ਕਿ ਤੁਸੀਂ ਇੱਥੇ ਕਿਸ ਲਈ ਖੜ੍ਹੇ ਹੋ, ਤਾਂ ਤੁਸੀਂ ਵਿਸ਼ਵਾਸ ਕਰੋਗੇ ਕਿ ਮੈਂ ਉਸਦਾ ਸੇਵਕ ਹਾਂ, ਵਿਸ਼ਵਾਸ ਕਰੋਗੇ ਕਿ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ? ਜੇ

ਅਸੀਂ ਅਜਨਬੀ ਹਾਂ ਤਾਂ ਕਿਸੇ ਤਰ੍ਹਾਂ ਦੀ ਕੋਈ ਸਾਮਰਥ ਹੋਣੀ ਚਾਹੀਦੀ ਹੈ ਜੋ ਮੇਰੇ ਉੱਤੇ ਇਹ ਪ੍ਰਗਟ ਕਰੇ ਕਿ ਤੁਸੀਂ ਇੱਥੇ ਕਿਉਂ ਆਏ ਹੋ, ਤੁਸੀਂ ਇੱਥੇ ਸੁੱਜੀ ਹੋਈ ਨਾੜ ਕਰਕੇ ਆਏ ਹੋ ਜਿਸ ਲਈ ਤੁਸੀਂ ਦੁਆ ਕਰ ਰਹੇ ਹੋ। ਇਹ ਸੱਚ ਹੈ।

160 ਹੁਣ ਕਿਸੇ ਦੂਸਰੇ ਲਈ ਦੁਆ ਕਰੋ, ਅਤੇ ਪਤਾ ਲਾਓ ਕਿ ਮੈਂ ਪ੍ਰਮੇਸ਼ੁਰ ਦਾ ਦਾਸ ਹਾਂ ਜਾਂ ਨਹੀਂ। ਬਸ ਕਿਸੇ ਲਈ ਪ੍ਰਾਰਥਨਾਂ ਕਰੋ, ਅਤੇ ਵੇਖੋ ਕਿ ਉਹ ਪ੍ਰਗਟ ਕਰ ਸੱਕਦਾ ਹੈ।

ਤੁਸੀਂ ਨਿਹਚਾ ਕਰਦੇ ਹੋ? [ਸੰਗਤ ਆਖਦੀ ਹੈ, ''ਆਮੀਨ।''-ਸੰਪਾ]

161 ਚੰਗਾ, ਉਹ ਬੇਚੈਨ ਹੈ, ਅਤੇ ਉਸਨੂੰ ਗੁਰਦਿਆਂ ਦੀ ਬਿਮਾਰੀ ਹੈ।ਅਤੇ ਉਹ ਕੋਰੀਡਨ ਵਿੱਚ ਰਹਿੰਦੀ ਹੈ। ਇਹ ਸਹੀ ਹੈ, ਕੀ ਇਹ ਸਹੀ ਨਹੀਂ ਹੈ? ਫਿਰ, ਤੂੰ ਨਿਹਚਾ ਕਰ।ਹੁਣ ਜਾ ਅਤੇ ਜੋ ਤੂੰ ਮੰਗਿਆ ਹੈ ਉਸਨੂੰ ਪ੍ਰਾਪਤ ਕਰ ਲੈ।

162 ਮੈਂ ਤੁਹਾਨੂੰ ਕਹਿੰਦਾ ਹਾਂ। ਮੈਂ ਤੁਹਾਡੇ ਵਿਸ਼ਵਾਸ ਨੂੰ ਇਸ ਉੱਤੇ ਨਿਹਚਾ ਕਰਨ ਲਈ ਵੰਗਾਰਦਾ ਹਾਂ।ਇਮਾਰਤ ਵਿੱਚ ਕਿਤੇ ਵੀ, ਕੋਈ ਪ੍ਰਵਾਹ ਨਹੀਂ ਕਿ ਤੁਸੀਂ ਕਿੱਥੇ ਹੋ, ਬਸ ਇਸ ਉੱਤੇ ਵਿਸ਼ਵਾਸ ਕਰੋ।

163 ਸਾਰਿਆਂ ਤੋਂ ਪਿੱਛੇ, ਉੱਥੇ ਪਿਛਾਂਹ ਇੱਕ ਜਵਾਨ ਆਦਮੀ ਖੜ੍ਹਾ ਹੈ, ਉਹ ਫੋਰਟ ਵੇਅਨ ਵਿੱਚ ਰਹਿੰਦੇ ਆਪਣੇ ਦੋਸਤ ਲਈ ਪ੍ਰਾਰਥਨਾ ਕਰ ਰਿਹਾ ਹੈ, ਜੋ ਅੰਨ੍ਹਾ ਹੈ। ਕੀ ਤੂੰ ਨਿਹਚਾ ਕਰਦਾ ਹੈਂ ਕਿ ਪ੍ਰਮੇਸ਼ੁਰ ਉਸਨੂੰ ਚੰਗਾ ਕਰ ਦੇਵੇਗਾ? [ਭਾਈ ਆਖਦਾ ਹੈ, ''ਆਮੀਨ।''-ਸੰਪਾ] ਠੀਕ ਹੈ, ਤਾਂ ਤੈਨੂੰ ਇਹ ਮਿਲ ਸੱਕਦਾ ਹੈ।

164 ਤੁਹਾਡੇ ਵਿੱਚੋਂ ਕਈ ਜਿਹੜੇ ਪਿੱਛੇ ਹਨ, ਵਿਸ਼ਵਾਸ ਕਰੋ।ਬਿਲਕੁੱਲ ਪਿੱਛੇ, ਪਿੱਛੇ, ਵਿਸ਼ਵਾਸ ਕਰੋ। ਵੰਗਾਰਦਾ, ਮੈਂ ਇਸ ਲਈ ਵੰਗਾਰਦਾ ਹਾਂ। ਪ੍ਰਮੇਸ਼ੁਰ ਕਿਰਪਾ ਕਰੇ।

165 ਕਾਲੇ ਰੰਗ ਦੀ ਔਰਤ ਜਿਹੜੀ ਇੱਥੇ ਤੇਰੇ ਕੋਲੋਂ ਹੇਠਾਂ ਬੈਠੀ ਹੈ, ਉਸਦੇ ਟਿਊਮਰ ਹੈ। ਔਰਤ, ਕੀ ਤੂੰ ਵਿਸ਼ਵਾਸ ਕਰਦੀ ਹੈਂ ਕਿ ਖੁਦਾ ਤੈਨੂੰ ਚੰਗਾ ਕਰ ਦੇਵੇਗਾ; ਬਿਲਕੁੱਲ ਪਿਛਲੀ ਸੀਟ ਤੇ, ਉੱਥੇ ਪਿੱਛੇ ਬਿਲਕੁੱਲ ਪਿਛਲੀ ਸੀਟ ਉੱਤੇ, ਛੋਟਾ ਜਿਹਾ, ਗੋਲ ਹੈਟ ਪਹਿਨੇ ਹੋਏ, ਆਪਣਾ ਹੱਥ ਉੱਪਰ ਉਠਾ ਰਹੀ ਹੈ? ਕੀ ਤੂੰ ਨਿਹਚਾ ਕਰਦੀ ਹੈਂ ਕਿ ਪ੍ਰਮੇਸ਼ੁਰ ਤੈਨੂੰ ਉਸ ਟਿਊਮਰ ਤੋਂ ਚੰਗਾਈ ਦੇ ਦੇਵੇਗਾ? ਜੇ ਤੂੰ ਨਿਹਚਾ ਕਰਦੀ ਹੈਂ ਤਾਂ, ਆਪਣਾ ਹੱਥ ਉੱਪਰ ਉਠਾ ਅਤੇ ਉਸ ਵੱਲ ਹਿਲਾ।ਠੀਕ ਹੈ।ਫਿਰ ਘਰ ਚਲੀ ਜਾਹ ਅਤੇ ਚੰਗੀ ਹੋ ਜਾਹ।

ਔਹ, ਉਹ ਅਸ਼ਚਰਜਪੂਰਣ ਹੈ !

166 ਇੱਥੇ ਇੱਕ ਔਰਤ ਹੈ ਜਿਹੜੀ ਉੱਪਰ ਉਸਦੇ ਸਾਹਮਣੇ ਬੈਠੀ ਹੋਈ ਹੈ, ਜੋ ਅੰਦਰਲੇ ਪਾਸੇ ਬੈਠੀ ਹੈ, ਬਸ ਥੋੜ੍ਹਾ ਜਿਹਾ ਪਿੱਛੇ। ਉਹ ਕਿਸੇ ਲਈ ਪ੍ਰਾਰਥਨਾਂ ਕਰ ਰਹੀ ਹੈ। ਉੱਥੇ ਪ੍ਰਭੂ ਦਾ ਦੂਤ ਉਸਦੇ ਲਾਗੇ ਖੜ੍ਹਾ ਹੈ। ਅਤੇ ਉਸਦਾ ਉਹ ਮਿੱਤਰ, ਜਿਸ ਲਈ ਦੁਆ ...ਉਹ ਪ੍ਰਾਰਥਨਾ ਕਰ ਰਹੀ ਹੈ, ਇੱਥੇ ਨਹੀਂ ਰਹਿੰਦਾ ਹੈ। ਉਹ ਉਸ ਛੋਟੇ ਜਿਹੇ ਸ਼ਹਿਰ ਵਿੱਚ ਹੈ ਜਿਸਦੇ ਦੁਆਲੇ ਬਹੁਤ ਸਾਰੇ ਅਨਾਨਾਸ ਦੇ ਰੁੱਖ ਹਨ। ਇਹ ਹੈਨਰੀਵਿਲੇ, ਇੰਡੀਆਨਾ ਹੈ। [''ਭੈਣ ਆਖਦੀ ਹੈ, ''ਸੱਚ ਹੈ।''-ਸੰਪ] ਅਤੇ ਉਹ ਆਪਣੇ ਪਤੀ ਦੀ ਭੈਣ ਲਈ ਦੁਆ ਕਰ ਰਹੀ ਹੈ, ਜਿਸਨੂੰ ਦਿਲ ਦੀ ਬਿਮਾਰੀ ਹੈ।ਕੀ ਤੂੰ ਇਹ ਵਿਸ਼ਵਾਸ ਕਰ ਸੱਕਦੀ ਹੈਂ? [''ਆਮੀਨ।''] ਜੇ ਤੁਸੀਂ ਇਸ ਤੇ ਵਿਸ਼ਵਾਸ ਕਰ ਸਕੋ, ਉੱਥੇ ਪਿੱਛੇ ਬੈਠੇ ਹੋਏ, ਪ੍ਰਮੇਸ਼ੁਰ ਤੇ ਵਿਸ਼ਵਾਸ ਰੱਖੋ ਅਤੇ ਇਸਨੂੰ ਪ੍ਰਾਪਤ ਕਰ ਲਓ।ਠੀਕ ਹੈ।

167 ਠੀਕ ਹੈ, ਔਰਤ। ਤੂੰ ਮੇਰੇ ਲਈ ਅਜਨਬੀ ਹੈਂ। ਮੈਂ ਤੈਨੂੰ ਨਹੀਂ ਜਾਣਦਾ ਹਾਂ, ਪਰ ਪ੍ਰਮੇਸ਼ੁਰ ਤੈਨੂੰ ਜਾਣਦਾ ਹੈ। ਜੇ ਤੂੰ ਇਹ ਵਿਸ਼ਵਾਸ ਕਰਦੀ ਹੈਂ, ਆਪਣਾ ਹੱਥ ਉੱਪਰ ਉਠਾ, ਔਰਤ।ਉਹ ਔਰਤ ਜਿਹੜ. ਉੱਥੇ ਐਨਕਾਂ ਲਗਾ ਕੇ ਬੈਠੀ ਹੈ।ਠੀਕ ਹੈ, ਇਹ ਹੀ ਹੈ।

168 ਤੁਸੀਂ ਕੀ ਸੋਚਦੇ ਹੋ? [ਸੰਗਤ ਆਖਦੀ ਹੈ, ''ਆਮੀਨ।''-ਸੰਪਾ] ''ਪ੍ਰਭੂ ਸਾਡਾ ਪ੍ਰਮੇਸ਼ੁਰ, ਉਹ ਖੁਦਾ ਹੈ।'' ਉਹ ਮਰਿਆ ਨਹੀਂ ਹੈ। ਉਹ ਮਰਿਆ ਹੋਇਆ ਨਹੀਂ ਹੈ, ਪਰ ਉਹ ਜੀਉਂਦਾ ਹੈ।ਉਹ ਜੀਉਂਦਾ ਹੀ ਨਹੀਂ ਬਲਕਿ ਇੱਥੇ ਮੌਜੂਦ ਹੈ।

ਕੀ ਇਹ ਹੈ ... [''ਕੋਈ ਆਖਦਾ ਹੈ, ''ਜੀ ਹਾਂ।''-ਸੰਪ]

169 ਕੀ ਅਸੀਂ ਇੱਕ ਦੂਸਰੇ ਲਈ ਅਜਨਬੀ ਹਾਂ, ਮੇਰਾ ਅੰਦਾਜਾ ਹੈ? ਮੇਰਾ ਅਨੁਮਾਨ ਹੈ, ਇਹ ਸਾਡੀ ਪਹਿਲੀ ਵਾਰ ਮੁਲਾਕਾਤ ਹੈ। ਪਰ ਪ੍ਰਮੇਸ਼ੁਰ ਸਾਨੂੰ ਦੋਨਾਂ ਨੂੰ ਜਾਣਦਾ ਹੈ। ਤੁਸੀ ਕਿਸ ਕਾਰਨ ਇੰਨਾ ਡਰੇ ਹੋਏ ਹੋ? ਅਤੇ ਉਹਨਾਂ ਗੰਧਾਂ ਅਤੇ ਅਤਰਾਂ, ਆਦਿ ਬਾਰੇ ਸੋਚਣਾ ਭੁੱਲ ਜਾਓ। ਇਸ ਤੋਂ ਦੂਰ ਹੋ ਜਾਓ। ਬਸ ਪ੍ਰਮੇਸ਼ੁਰ ਤੇ ਭਰੋਸਾ ਰੱਖੋ।ਇਸ ਨੂੰ ਆਪਣੇ ਦਿਮਾਗ ਵਿੱਚ ਰੱਖੋ। ਤੁਸੀਂ ਵਾਪਸ ਘਰ ਜਾਓ ਅਤੇ ਚੰਗੇ ਹੋ ਜਾਓ, ਜੇ ਤੁਸੀਂ ਇਸ ਤੇ ਵਿਸ਼ਵਾਸ ਕਰੋ।

170 ਤੁਹਾਨੂੰ ਕੋਈ ਤਕਲੀਫ ਹੈ, ਮੈਂ ਤੁਹਾਨੂੰ ਹਸਪਤਾਲ ਵਿੱਚ ਅੰਦਰ ਜਾਂਦੇ ਅਤੇ ਬਾਹਰ ਆਉਂਦੇ ਵੇਖਦਾ ਹਾਂ; ਇੱਕ, ਦੋ, ਤਿੰਨ ਵਾਰ ਅਪ੍ਰੇਸ਼ਨ ਹੋਇਆ ਹੈ।ਅਤੇ ਇਹ ਵੱਡੀ ਆਂਦਰ ਦੇ ਹੇਠਲੇ ਹਿੱਸੇ ਦਾ ਹੈ।ਇਹ ਇਨਟੈਸਟਾਈਨ ਵਿੱਚ ਟਿਊਮਰ ਵਾਂਗ ਹੈ,

ਅਤੇ ਤੂੰ ਇਸ ਸ਼ਹਿਰ ਤੋਂ ਨਹੀਂ ਹੈ।ਤੂੰ ਕੈਨਟੱਕੀ ਤੋਂ ਹੈਂ।ਅਤੇ ਤੂੰ ਉਸ ਸ਼ਹਿਰ, ਕੈਂਪਬੈਲਸਵਿਲੇ ਤੋਂ ਹੈਂ ਜਿੱਥੇ ਮੈਂ ਰਿਹਾ ਹਾਂ। [''ਭੈਣ ਆਖਦੀ ਹੈ, ''ਇਹ ਸਹੀ ਹੈ।''-ਸੰਪਾ] ਸ੍ਰੀਮਤੀ ਵਾਓਹਨ, ਤੂੰ ਵਾਪਸ ਚਲੀ ਜਾਹ, ਅਤੇ ਵਿਸ਼ਵਾਸ ਕਰ। ਤੈਨੂੰ ਉਹ ਮਿਲ ਸੱਕਦਾ ਹੈ ਜਿਸ ਲਈ ਤੂੰ ਮੰਗ ਕੀਤੀ ਹੈ।

171 ਕੀ ਤੁਸੀਂ ਆਪਣੇ ਸਾਰੇ ਦਿਲ ਤੋਂ ਵਿਸ਼ਵਾਸ ਕਰਦੇ ਹੋ? [ਸੰਗਤ ਆਖਦੀ ਹੈ, 'ਆਮੀਨ।''-ਸੰਪਾ]

172 ਤੁਸੀਂ ਵਾਪਸ ਜਾ ਕੇ ਆਪਣਾ ਰਾਤ ਦਾ ਖਾਣਾ ਖਾਣਾ ਚਾਹੁੰਦੇ ਹੋ, ਅਤੇ ਪੇਟ ਦੀ ਤਕਲੀਫ ਠੀਕ ਚਾਹੁੰਦੇ ਹੋ? ਠੀਕ ਹੈ, ਅੱਗੇ ਵਧੋ।ਤੁਹਾਨੂੰ ਪ੍ਰਮੇਸ਼ੁਰ ਤੇ ਵਿਸ਼ਵਾਸ ਹੈ।

173 ਤੁਸੀਂ ਉਸ ਗਠੀਏ ਤੋਂ ਛੁਟਕਾਰਾ ਅਤੇ ਚੰਗਾ ਹੋਣਾ ਚਾਹੁੰਦੇ ਹੋ? ਬਸ ਆਪਣੇ ਰਾਹ ਤੇ ਚਲੇ ਜਾਓ, ਇਸ ਤੇ ਵਿਸ਼ਵਾਸ ਕਰੋ।

174 ਤੁਸੀਂ ਵਿਸ਼ਵਾਸ ਕਰਦੇ ਹੋ ਕਿ ਖੁਦਾ ਇਸ ਦਿਲ ਦੀ ਬਿਮਾਰੀ ਨੂੰ ਚੰਗਾ ਕਰ ਦੇਵੇਗਾ? [ਭਾਈ ਕਹਿੰਦਾ ਹੈ, ''ਯਕੀਨਨ।''-ਸੰਪਾ] ਆਪਣੇ ਰਾਹ ਤੇ ਜਾਓ।ਤੁਸੀਂ ਵਿਸ਼ਵਾਸ ਕਰੋ।

175 ਇਹ ਆਦਮੀ ਜੋ ਚਿੱਟੀ ਕਮੀਜ਼ ਪਹਿਨੀ ਪਿੱਛੇ ਅਖੀਰ ਵਿੱਚ ਬੈਠਾ ਹੈ।ਨਹੀਂ, ਇਹ ਭਾਈ ਫੰਕ ਹੈ। ਇਹ ਇਸਦੇ ਪਿੱਛੇ ਹੈ।ਤੂੰ ਪਵਿੱਤਰ ਆਤਮਾ ਦਾ ਬਪਤਿਸਮਾ ਚਾਹੁੰਦਾ ਹੈਂ, ਕੀ ਤੂੰ ਨਹੀਂ ਚਾਹੁੰਦਾ? ਠੀਕ ਹੈ, ਜੇ ਤੂੰ ਇਸ ਉੱਤੇ ਵਿਸ਼ਵਾਸ ਕਰੇਂਗਾ, ਤੂੰ ਇਸਨੂੰ ਪ੍ਰਾਪਤ ਕਰ ਸੱਕਦਾ ਹੈਂ।ਆਮੀਨ।

176 ਤੁਸੀਂ ਕੀ ਸੋਚਦੇ ਹੋ, ਛੋਟੀ ਔਰਤ ਜੋ ਇੱਥੇ ਗਠੀਏ ਨਾਲ ਬੈਠੀ ਹੋਈ ਹੈ, ਜੋ ਮੇਰੇ ਚਿਹਰੇ ਵੱਲ ਵੇਖ ਰਹੀ ਹੈ? ਤੂੰ, ਮਿਡਲਟਾਊਨ ਓਹਾਈਓ ਤੋਂ ਹੈ। ਤੂੰ ਇਸਦਾ ਵਿਸ਼ਵਾਸ ਕਰਨਾਂ ਚਾਹੁੰਦੀ ਹੈਂ? ਇਹ ਉਸ ਮਨੁੱਖ ਲਈ ਵਧੀਆ ਵਿਸ਼ਵਾਸ ਹੈ ਜੋ ਇੱਥੋਂ ਤੱਕ ਕਿ ਮਸੀਹੀ ਵੀ ਨਹੀਂ ਹੈ।ਤੂੰ ਮਸੀਹ ਹੋਣ ਦਾ ਇਕਰਾਰ ਨਹੀਂ ਕਰਦੀ ਹੈਂ। ਇਹ ਸਹੀ ਹੈ। ਹੁਣ ਤੂੰ ਉਸਨੂੰ ਆਪਣਾ ਮੁਕਤੀਦਾਤਾ ਕਬੂਲ ਕਰ ਲੈ? ਕੀ ਤੂੰ ਉਸ ਉੱਤੇ ਵਿਸ਼ਵਾਸ ਕਰੇਂਗੀ ਅਤੇ ਉਸਨੂੰ ਜੀ ਉੱਠਿਆ ਪ੍ਰਭੂ ਕਰਕੇ, ਆਪਣਾ ਮੁਕਤੀਦਾਤਾ ਕਬੂਲ ਕਰੇਂਗੀ? ਮੈਂ ਤੈਨੂੰ ਨਹੀਂ ਜਾਣਦਾ ਹਾਂ।ਮੈਂ ਤੈਨੂੰ ਕਦੇ ਵੀ ਨਹੀਂ ਵੇਖਿਆ ਹੈ।ਇਹ ਸੱਚ ਹੈ।ਪਰ ਜੇ ਤੂੰ, ਹੁਣੇ ਹੀ ਆਪਣੇ ਦਿਲ ਵਿੱਚ, ਉਸਨੂੰ ਜੀ ਉੱਠਿਆ ਪ੍ਰਭੂ ਕਰਕੇ ਮੰਨ ਲਵੇਂ, ਤੇਰੇ ਪਾਪ ਮਾਫ ਹਨ ਅਤੇ ਪ੍ਰਭੂ ਤੈਨੂੰ ਚੰਗਾ ਕਰ ਦੇਵੇਗਾ। ਆਪਣਾ ਹੱਥ ਉਸ

ਵੱਲ ਉਠਾ ਅਤੇ ਉਸ ਉੱਤੇ ਵਿਸ਼ਵਾਸ ਕਰ।ਠੀਕ ਹੈ। ਅਨੰਦ ਕਰਦੀ ਹੋਈ, ਆਪਣੇ ਰਾਹ ਤੇ ਚਲੀ ਜਾਹ।

ਮੈਂ ਤੁਹਾਡੇ ਵਿਸ਼ਵਾਸ ਨੂੰ ਵੰਗਾਰਦਾ ਹਾਂ। ਮੈਂ ਨਿਹਚਾ ਕਰਨ ਲਈ ਤੁਹਾਨੂੰ ਵੰਗਾਰਦਾ ਹਾਂ।

177 ਅਸੀਂ ਇੱਕ ਦੂਜੇ ਲਈ ਅਜਨਬੀ ਹਾਂ, ਪਰ ਪ੍ਰਮੇਸ਼ੁਰ ਤੁਹਾਨੂੰ ਜਾਣਦਾ ਹੈ। [ਭਾਈ ਕਹਿੰਦਾ ਹੈ, ''ਮੈਂ ਤੁਹਾਨੂੰ ਜਾਣਦਾ ਹਾਂ ਪਰ ਤੁਸੀਂ ਮੈਨੂੰ ਨਹੀਂ ਜਾਣਦੇ ਹੋ।''– ਸੰਪਾ] ਤੂੰ ਮੈਨੂੰ ਜਾਣਦਾ ਹੈਂ, ਪਰ ਮੈਂ ਤੁਹਾਨੂੰ ਨਹੀਂ ਜਾਣਦਾ ਹਾਂ।ਕੀ ਇਸ ਤਰ੍ਹਾਂ ਹੈ? ਕੀ ਤੂੰ ਵਿਸ਼ਵਾਸ ਕਰਦਾ ਹੈਂ ਕਿ ਪ੍ਰਮੇਸ਼ੁਰ ਮੇਰੇ ਉੱਤੇ ਪ੍ਰਗਟ ਕਰ ਸੱਕਦਾ ਹੈ ਕਿ ਤੂੰ ਇੱਥੇ ਕਿਸ ਲਈ ਆਇਆਂ ਹੈਂ? [''ਆਮੀਨ।'']

178 ਠੀਕ ਹੈ, ਕਿੰਨੇ ਜਣੇ ਇਸਦਾ ਵਿਸ਼ਵਾਸ ਕਰਨਗੇ?

179 ਔਹ, ਤੁਸੀਂ ਕਿਵੇਂ ਬੇਪ੍ਰਤੀਤੀ ਕਰ ਸੱਕਦੇ ਹੋ? ਕੀ ਪ੍ਰਮੇਸ਼ੁਰ ਨਹੀਂ ਸੱਕਦਾ ... ਕੀ ਪ੍ਰਮੇਸ਼ੁਰ ਨੇ ਕਦੇ ਤੁਹਾਡੀਆਂ ਅੱਖਾਂ ਖੋਲ੍ਹੀਆਂ ਹਨ? ਇੱਥੇ ਤੁਸੀਂ ਬਹੁਤ ਸਾਰੇ ਲੋਕ ਮੈਨੂੰ ਜਾਣਦੇ ਹੋ।ਮੈਂ ਇੱਥੇ ਤੁਹਾਡੇ ਨਾਲ ਹੀ ਪਲ੍ਹਿਆ ਹਾਂ।ਮੈਂ ਕਿਵੇਂ ਕਰ ਸੱਕਦਾ ... ਪਿੱਛੇ ਮੇਰੇ ਜੀਵਨ ਵਿੱਚ ਝਾਤੀ ਮਾਰੋ, ਅਤੇ ਲੱਭੋ ਕਿ, ਕੁਝ ਵੀ ਜੋ ਕਦੇ ਵੀ ਆਖਿਆ ਗਿਆ ਜੇ ਉਹ ਬਿਲਕੁੱਲ ਸਿੱਧਤਾ ਵਿੱਚ ਉਸੇ ਤਰ੍ਹਾਂ ਸੱਚਾ ਸਾਬਤ ਨਹੀਂ ਹੋਇਆ।ਇਸ ਦੀ ਖੋਜ ਕਰੋ ਅਤੇ ਵੇਖੋ ਕਿ ਇਹ ਸੱਚ ਹੈ।

180 ਚੰਗਾ, ਮੈਂ ਤੁਹਾਨੂੰ ਕੀ ਦੱਸ ਰਿਹਾ ਹਾਂ? ਯਿਸੂ ਮਸੀਹ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ।ਉਹ ਜੀਉਂਦਾ ਹੈ।ਉਹ ਇੱਥੇ ਹੈ। ਇਹ ਹੀ ਈਸਟਰ ਹੈ। ਅਤੇ ਇਹ ਦੋ ਹਜਾਰ ਸਾਲ ਤੋਂ ਹੀ ਈਸਟਰ ਰਿਹਾ ਹੈ। ਪਰ ਹੁਣ ਸ਼ਾਮ ਦੇ ਚਾਨਣੇ ਚਮਕ ਰਹੇ ਹਨ। ਇਹ ਤਦ ਪੂਰਬ ਵਿੱਚ ਚਮਕਿਆ ਸੀ, ਹੁਣ ਇਹ ਪੱਛਮ ਵਿੱਚੋਂ ਚਮਕ ਰਿਹਾ ਹੈ।

181 ਸ੍ਰੀਮਾਨ, ਇਸ ਤਰ੍ਹਾਂ ਘੰਟਿਆਂ ਬੱਧੀ ਚੱਲਦਾ ਜਾ ਸੱਕਦਾ ਹੈ।ਜੇ ਇਹ ਆਦਮੀ ਕਹਿੰਦਾ ਹੈ, ਮੈਂ ਉਸਨੂੰ ਨਹੀਂ ਜਾਣਦਾ ਹਾਂ ... ਸੰਭਵ ਹੈ ਉਸਨੇ ਮੈਨੂੰ ਕਿਸੇ ਸੰਗਤੀ ਵਿੱਚ ਜਾਂ ਕਿਸੇ ਥਾਂ ਵੇਖਿਆ ਹੈ।ਮੈਨੂੰ ਨਹੀਂ ਪਤਾ ਹੈ।ਪ੍ਰਮੇਸ਼ੁਰ ਜਾਣਦਾ ਹੈ।ਮੈਂ ਨਹੀਂ।ਮੈਨੂੰ ਨਹੀਂ ਪਤਾ ਮੈਂ ਕਿੱਥੇ ਤੁਹਾਨੂੰ ਕਦੇ ਵੇਖਿਆ ਹੈ।ਮੈਂ ਨਹੀਂ ਜਾਣਦਾ ਮੈਂ ਉਸਨੂੰ ਕਿੱਥੇ ਵੇਖਿਆ ਹੈ।ਪਰ ਉਸਨੇ ਆਖਿਆ ਹੈ ਕਿ ਉਸਨੇ ਮੈਨੂੰ ਵੇਖਿਆ ਹੈ।ਜੇ ਪ੍ਰਮੇਸ਼ੁਰ ਉਸ ਆਦਮੀ ਤੇ ਪ੍ਰਗਟ ਕਰ ਦੇਵੇ, ਕੁਝ ਅਜਿਹਾ ਜੋ ਉਹ ਜਾਣਦਾ ਹੋਵੇ, ਜਿਵੇਂ ਫਿਲਿਪੁਸ ਗਿਆ ਅਤੇ ਨਥਾਨਈਏਲ ਨੂੰ ਮਿਲਿਆ ਅਤੇ ਉਸਨੂੰ ਲਿਆਇਆ, ਕਿੰਨੇ ਜਣੇ ਇਹ ਕਹਿਣਗੇ, ''ਇਹ ਮੇਰੇ ਲਈ ਹਮੇਸ਼ਾਂ ਲਈ ਤਹਿ ਕਰ ਦੇਵੇਗਾ?''

182 ਕੀ ਤੂੰ ਆਪਣਾ ਹੱਥ ਖੜ੍ਹਾ ਕਰੇਂਗਾ ਕਿ ਮੈਂ ਤੈਨੂੰ ਨਹੀਂ ਜਾਣਦਾ ਹਾਂ।ਬਸ ਆਪਣੇ ਹੱਥ ਖੜ੍ਹੇ ਕਰੋ ਜੇ ਮੈਂ ਤੁਹਾਨੂੰ ਨਹੀਂ ਜਾਣਦਾ ਹਾਂ, ਤੁਹਾਡੇ ਬਾਰੇ ਕੁਝ ਵੀ ਨਹੀਂ ਜਾਣਦਾ।ਮੈਂ ਤੁਹਾਡੇ ਬਾਰੇ ਕੁਝ ਵੀ ਨਹੀਂ ਜਾਣਦਾ ਹਾਂ, ਜਿੱਥੋਂ ਤੱਕ ਮੈਂ ਜਾਣਦਾ ਹਾਂ, ਤੁਹਾਨੂੰ ਆਪਣੇ ਜੀਵਨ ਵਿੱਚ ਕਦੇ ਵੀ ਨਹੀਂ ਵੇਖਿਆ ਹੈ।

183 ਹੁਣ, ਜੇ ਪ੍ਰਮੇਸ਼ੁਰ ਇਹ ਬਖਸ਼ ਦੇਵੇ, ਕਿੰਨੇ ਜਣੇ ਕਹਿਣਗੇ, ‘‘ਮੈਂ ਉਸਨੂੰ ਇਸੇ ਵਕਤ ਜੀ ਉੱਠਿਆ ਪ੍ਰਭੂ ਕਰਕੇ ਆਪਣਾ ਮੁਕਤੀਦਾਤਾ ਕਬੂਲ ਕਰ ਲਵਾਂਗਾ’’?

184 ਤੁਹਾਨੂੰ ਚੰਗੇ ਕਰਨਾ, ਸ਼੍ਰੀਮਾਨ, ਮੈਂ ਨਹੀਂ ਕਰ ਸੱਕਦਾ ਹਾਂ।ਮੇਰੇ ਕੋਲ ਚੰਗੇ ਕਰਨ ਦੀ ਕੋਈ ਵੀ ਸ਼ਕਤੀ ਨਹੀਂ ਹੈ।ਸਿਰਫ ਇੱਕ ਚੀਜ਼ ਜੋ ਮੇਰੇ ਕੋਲ ਹੈ ਵਰਦਾਨ ਹੈ ਜਿਸਨੂੰ ਵਰਤਣ ਦੀ ਪ੍ਰਮੇਸ਼ੁਰ ਮੈਨੂੰ ਆਗਿਆ ਦਿੰਦਾ ਹੈ।

185 ਅਤੇ ਥੱਕਿਆ ਅਤੇ ਕਮਜ਼ੋਰ ਹੋਣ ਕਾਰਨ ਇਹ ਦਰਸ਼ਨ ਮੈਨੂੰ ਲੱਗਭੱਗ ਮਾਰ ਦਿੰਦੇ ਹਨ।ਇਹ ਬਹੁਤ ਖਰਾਬ ਹੈ, ਇਹ ਪ੍ਰਚਾਰ ਕਰਨ ਤੋਂ ਜਾਂ ਬਪਤਿਸਮੇਂ ਦੇ ਤਲਾਬ ਤੇ ਖੜ੍ਹੇ ਹੋਣ ਨਾਲੋ ਕਿਤੇ ਔਖਾ ਹੈ।ਇਹ ਔਖਾ ਹੈ। ਪਰ ਪ੍ਰਮੇਸ਼ੁਰ ਭਲਾ ਹੈ।

186 ਤੁਸੀਂ ਰੀੜ੍ਹ ਦੀ ਹੱਢੀ ਦੀ ਕਿਸੇ ਪ੍ਰੇਸ਼ਾਨੀ ਕਾਰਨ ਦੁੱਖ ਝੱਲ ਰਹੇ ਹੋ।ਅਤੇ ਉਹ ਤੁਹਾਨੂੰ ਦੱਸਦੇ ਹਨ ਕਿ ਇਹ ਰੀੜ੍ਹ ਦੀ ਹੱਢੀ ਵਿੱਚ ਵਾਧਾ ਹੈ। ਇਹ ਬਿਲਕੁੱਲ ਠੀਕ ਹੈ।ਹੁਣ ਕੀ ਤੁਸੀਂ ਨਿਹਚਾ ਕਰੋਗੇ?

187 ਹੁਣ ਵੇਖੋ।ਜਿੰਨਾ ਜਿਆਦਾ ਮੈਂ ਆਦਮੀ ਨਾਲ ਗੱਲ ਕਰਾਂਗਾ, ਓਨਾ ਜਿਆਦਾ ਉਸ ਬਾਰੇ ਦੱਸਾਂਗਾ। ਹੁਣ ਮੈਂ ਤੁਹਾਡੇ ਕੋਲੋਂ ਪੁੱਛਣਾ ਚਾਹੁੰਦਾ ਹਾਂ, ਬਸ ਸ਼ਰਧਾ ਪੂਰਵਕ ਰਹੋ। ਬਸ ਆਦਰਭਾਵ ਨਾਲ ਰਹੋ। ਤੁਸੀ ਂਕਿਸੇ ਲਈ ਦੁਆ ਕਰੋ, ਅਤੇ ਵੇਖੋ ਕਿ ਪ੍ਰਮੇਸ਼ੁਰ ਪ੍ਰਗਟ ਕਰਦਾ ਹੈ। ਮੈਂ ਤੁਹਾਨੂੰ ਕਿਸੇ ਨੂੰ ਵੀ ਆਖਦਾ ਹਾਂ ਇਹ ਹੀ ਕੰਮ ਕਰਕੇ ਵਿਖਾਓ, ਬਸ ਆਪਣੇ ਦਿਮਾਗ ਵਿੱਚ ਰੱਖੋ।

188 ਕਿਉਂ, ਵੇਖੋ, ਮੇਰੇ ਵਿੱਚ ਕੁਝ ਨਹੀਂ ਹੈ।ਮੈਂ ਤੁਹਾਡੀ ਮੱਦਦ ਨਹੀਂ ਕਰ ਸੱਕਦਾ ਹਾਂ।ਮੈਂ ਇੱਕ ਆਦਮੀ ਹਾਂ।

189 ਪ੍ਰੰਤੂ ਯਿਸੂ ਮਸੀਹ ਪ੍ਰਮੇਸ਼ੁਰ ਹੈ, ਅਤੇ ਉਹ ਇੱਥੇ ਹਾਜਰ ਹੈ।ਕੀ ਤੁਸੀਂ ਨਹੀਂ ਸੱਕਦੇ ... ਕੀ ਉਸਨੂੰ ਵੇਖਣ ਲਈ ਤੁਹਾਡੀਆਂ ਅੱਖਾਂ ਖੁੱਲ੍ਹੀਆਂ ਹਨ? ਕੀ ਤੁਸੀਂ ਵੇਖਣ ਲਈ ਪਰਦੇ ਪਿੱਛੇ ਨਹੀਂ ਵੇਖ ਰਹੇ ਹੋ? ਦੋ ਹਜਾਰ ਸਾਲਾਂ ਤੋਂ ਉਹ ਇੱਥੇ ਹੀ ਰਿਹਾ ਹੈ; ਸਾਰੇ ਰਸਤੇ ਦਰਮਿਆਨ, ਉਸਨੇ ਵਚਨ ਵਿੱਚੋਂ ਤੁਹਾਡੇ ਨਾਲ ਗੱਲਾਂ ਕੀਤੀਆਂ ਹਨ;

ਉਸਨੇ ਤੁਹਾਡੇ ਉਪਦੇਸ਼ ਵਿੱਚ ਤੁਹਾਡੇ ਨਾਲ ਗੱਲਾਂ ਕੀਤੀਆਂ ਹਨ।ਅਤੇ ਹੁਣ ਉਹ ਇੱਥੇ ਹੈ, ਆਪਣੇ ਆਪ ਨੂੰ ਪ੍ਰਗਟ ਕਰ ਰਿਹਾ ਹੈ।

190 ਮੈਂ ਤੁਹਾਨੂੰ ਆਪਣੇ ਦਿਲ ਵਿੱਚ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹਾਂ। [''ਭਾਈ ਕਹਿੰਦਾ ਹੈ, ਮੇਰੇ ਲੱਕ ਵਿੱਚ ਬਹੁਤ ਜਿਆਦਾ ਤਕਲੀਫ ਹੈ।''-ਸੰਪ] ਜੀ ਹਾਂ, ਮੈਂ ਤੁਹਾਡੀ ਜਾਂਚ ਹੁੰਦੀ ਵੇਖੀ ਹੈ।ਇਹ ਤੁਹਾਡੀ ਰੀੜ੍ਹ ਦੀ ਹੱਢੀ ਹੈ।ਇਹ ਇੱਕ ਵਾਧਾ ਹੈ। ਅਤੇ ਤੂੰ ਆਪਣੀ ਪਤਨੀ ਲਈ ਦੁਆ ਕਰ ਰਿਹਾ ਹੈਂ। ਜੇ ਪ੍ਰਮੇਸ਼ੁਰ ਮੈਨੂੰ ਵਿਖਾ ਦੇਵੇ ਕਿ ਤੇਰੀ ਪਤਨੀ ਨਾਲ ਕੀ ਖਰਾਬੀ ਹੈ, ਕੀ ਤੂੰ ਵਿਸ਼ਵਾਸ ਕਰੇਂਗਾ ਕਿ ਮੈਂ ਉਸਦਾ ਨਬੀ ਹਾਂ? ਇਹ ਉਸਦੇ ਕੰਨਾਂ ਦੀ ਖਰਾਬੀ ਹੈ। [''ਇਹ ਸਹੀ ਹੈ।''] ਸਿਰਫ ਇੰਨਾ ਹੀ ਨਹੀਂ, ਮੈਂ ਇੱਕ ਜਵਾਨ ਆਦਮੀ ਨੂੰ ਵੇਖਦਾ ਹਾਂ। ਇਹ ਤੁਹਾਡਾ ਬੇਟਾ ਹੈ।ਜੇ ਪ੍ਰਮੇਸ਼ੁਰ ਮੇਰੇ ਉੱਤੇ ਪ੍ਰਗਟ ਕਰ ਦੇਵੇ ਕਿ ਤੁਹਾਡੇ ਬੇਟੇ ਨੂੰ ਕੀ ਗੱਲ ਹੈ ਤਾਂ ਕੀ ਤੂੰ ਵਿਸ਼ਵਾਸ ਕਰੇਂਗਾ ਕਿ ਮੈਂ ਉਸਦਾ ਨਬੀ ਹਾਂ? ਕੀ ਸੰਗਤ ਇਹ ਵਿਸ਼ਵਾਸ ਕਰੇਗੀ? [ਸੰਗਤ ਆਖਦੀ ਹੈ, ''ਆਮੀਨ।'' ] ਲੜਕਾ, ਇੱਥੇ, ਉਸਦੀ ਨਸਾਂ ਸਬੰਧੀ ਅਤੇ ਚਮੜੀ ਦੀ ਬਿਮਾਰੀ ਹੈ।ਇਹ ਬਿਲਕੁੱਲ ਠੀਕ ਹੈ। ਇਹ *ਯਹੋਵਾਹ ਇਉਂ ਫਰਮਾਉਂਦਾ ਹੈ।* ਕੀ ਤੂੰ ਵਿਸ਼ਵਾਸ ਕਰਦਾ ਹੈਂ ਜੋ ਤੂੰ ਮੰਗਿਆ ਹੈ ਉਹ ਤੈਨੂੰ ਮਿਲੇਗਾ? [''ਆਮੀਨ।'' ] ਫਿਰ ਅਨੰਦ ਕਰਦਾ ਹੋਇਆ ਆਪਣੇ ਰਾਹ ਤੇ ਚਲਾ ਜਾਹ।

191 ਕਿੰਨੇ ਜਣੇ ਆਪਣੇ ਪੂਰੇ ਹਿਰਦੇ ਨਾਲ ਵਿਸ਼ਵਾਸ ਕਰਦੇ ਹਨ? [ਸੰਗਤ ਆਖਦੀ ਹੈ, ''ਆਮੀਨ।'' ]

192 ਹੁਣ ਮੈਂ ਚਾਹੁੰਦਾ ਹਾਂ ਕਿ ਤੁਸੀਂ ਮੇਰੇ ਲਈ ਕੁਝ ਕਰੋ। ਬਸ ਥੋੜ੍ਹੀ ਕੁ ਦੇਰ ਲਈ, ਆਪਣੇ ਹੱਥਾਂ ਨੂੰ ਇੱਕ ਦੂਸਰੇ ਉੱਤੇ ਰੱਖ ਲਓ।ਬਸ ਜਿੱਥੇ ਕਿਤੇ ਵੀ ਤੁਸੀਂ ਖੜ੍ਹੇ ਹੋ, ਆਪਣੇ ਹੱਥਾਂ ਨੂੰ ਇੱਕ ਦੂਸਰੇ ਉੱਤੇ ਰੱਖ ਲਓ।

193 ਕਿੰਨਾ ਵਧੀਆ ਸਮਾਂ ਹੈ ! ਕੀ ਤੁਸੀਂ ਨਹੀਂ ਵੇਖ ਸੱਕਦੇ, ਦੋਸਤੋ? ਕੀ ਤੁਸੀਂ ਸਮਝ ਨਹੀਂ ਸੱਕਦੇ ਕਿ ਇਹ ਮੈਂ ਨਹੀਂ ਹੋ ਸੱਕਦਾ ਹਾਂ?

194 ਹਾਂ ਜੀ, ਉੱਥੇ ਜੋ ਛੋਟੀ ਔਰਤ ਐਨਕਾਂ ਲਗਾਏ ਹੋਏ ਹੈ, ਉਸਨੂੰ ਔਰਤਾਂ ਵਾਲੀ ਬਿਮਾਰੀ ਹੈ। ਉੱਥੇ ਬੈਠੀ ਹੈ, ਅੱਗੇ ਤੋਂ ਇਸ ਲਈ ਚਿੰਤਾ ਨਾ ਕਰ। ਇਹ ਖਤਮ ਹੋ ਗਈ ਹੈ।ਇਹ ਚਾਨਣ ਕਰਦਾ ਹੈ। ਇਹ ਤੁਹਾਡੇ ਤੋਂ ਜਾ ਚੁੱਕੀ ਹੈ।

195 ਕੋਈ ਇੱਥੇ ਹਾਜਰ ਹੈ ; ਇਹ ਅਲੌਕਿਕ ਹੈ; ਕੁਝ ਅਜਿਹਾ ਜੋ ਕਿ ਅਸਲ ਹੈ। ਉਹ ਤੁਹਾਡੇ ਪਾਪਾਂ ਨੂੰ ਜਾਣਦਾ ਹੈ।ਉਹ ਤੁਹਾਡੇ ਬਾਰੇ ਸਾਰਾ ਕੁਝ ਜਾਣਦਾ ਹੈ। ਕੀ ਉਹ ਪ੍ਰਭੂ ਯਿਸੂ ਨਹੀਂ ਹੈ? ਫਿਰ, ਮੈਂ ਤੁਹਾਨੂੰ ਦੱਸ ਰਿਹਾ ਹਾਂ।ਜੇ ਮੈਂ ਤੁਹਾਨੂੰ ਇਹ

ਸੱਚ ਹੋਣ ਲਈ ਦੱਸਿਆ ਹੈ, ਅਤੇ ਉਸਨੇ ਸਾਬਤ ਕੀਤਾ ਹੈ ਕਿ ਇਹ ਸੱਚ ਹੈ, ਮੈਂ ਤੁਹਾਨੂੰ ਸੱਚ ਦੱਸ ਰਿਹਾ ਹਾਂ।ਜੇ ਤੁਸੀਂ ਇਸਨੂੰ ਮੰਨ ਲਓ ; ਆਪਣੇ ਦਿਮਾਗ ਤੋਂ ਨਹੀਂ, ਪਰ ਆਪਣੇ ਦਿਲ ਤੋਂ, ਤੁਹਾਡੇ ਵਿੱਚੋਂ ਹਰ ਕੋਈ ਹੁਣੇ ਹੀ ਚੰਗਾ ਹੋ ਸੱਕਦਾ ਹੈ।ਜੇ ਤੁਸੀਂ ਹੁਣ ਤਹਿ ਕਰ ਲਵੋਗੇ, ਕਿ ਤੁਸੀਂ ਸਰਵ ਸ਼ਕਤੀਮਾਨ ਪ੍ਰਮੇਸ਼ੁਰ ਦੀ ਹਜੂਰੀ ਵਿੱਚ ਹੋ, ਕਿ ਉਹ ਹੁਣ ਇੱਥੇ ਹਾਜਰ ਹੈ, ਤਾਂ ਫਿਰ ਕਿਸੇ ਵੀ ਵਿਅਕਤੀ ਨੂੰ ਕਮਜੋਰ ਹਾਲਤ ਵਿੱਚ ਇਸ ਇਮਾਰਤ ਵਿੱਚੋਂ ਬਾਹਰ ਜਾਣ ਦੀ ਕੋਈ ਲੋੜ੍ਹ ਨਹੀਂ ਹੈ।ਸਾਡੇ ਵਿੱਚੋਂ ਸਾਰੇ ਜਣੇ ਸੰਪੂਰਣ ਰੂਪ ਵਿੱਚ ਚੰਗੇ ਹੋ ਕੇ ਜਾ ਸੱਕਦੇ ਹਨ, ਜੇ ਤੁਸੀਂ ਬਸ ਇਸ ਉੱਤੇ ਵਿਸ਼ਵਾਸ ਕਰੋਗੇ। ਜੇ ਉਹ ਇੱਥੇ ਮੇਰੀ ਦੁਆ ਸੁਣਦਾ ਹੈ, ਉਹ ਉੱਥੇ ਬਾਹਰ ਵੀ ਮੇਰੀ ਦੁਆ ਸੁਣ ਲਵੇਗਾ।ਉਹ ਸਿਰਫ ਮੇਰੀ ਹੀ ਦੁਆ ਨਹੀਂ ਸੁਣਦਾ ਹੈ, ਉਹ ਤੁਹਾਡੀ ਦੁਆ ਸੁਣੇਗਾ।

196 ਹੁਣ ਬਾਈਬਲ ਆਖਦੀ ਹੈ, ''ਉਹ ਕੱਲ, ਅੱਜ ਅਤੇ ਯੁੱਗੋ– ਯੁੱਗ ਇੱਕੋ ਜਿਹਾ ਹੈ।'' ਉਸਨੇ ਇਹ ਸਾਬਤ ਕਰ ਦਿੱਤਾ ਹੈ। ਬਾਈਬਲ ਕਹਿੰਦੀ ਹੈ, '' ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ।'' ਉਸਨੇ ਇਹ ਸਾਬਤ ਕਰ ਦਿੱਤਾ ਹੈ।ਕੀ ਇਹ ਸੱਚ ਹੈ? [ਸੰਗਤ ਆਖਦੀ ਹੈ, ''ਆਮੀਨ।'' ]

197 ਹੁਣ ਮੈਂ ਤੁਹਾਨੂੰ ਕੁਝ ਪੁੱਛਣਾ ਚਾਹੁੰਦਾ ਹਾਂ।ਯਿਸੂ ਨੇ ਇਸ ਤਰ੍ਹਾਂ ਕਿਹਾ, ਧਰਤੀ ਉੱਤੋਂ ਜਾਣ ਤੋਂ ਪਹਿਲਾਂ ਉਸਦੇ ਆਖਰੀ ਸ਼ਬਦ ਇਹ ਸਨ, '' ਵਿਸ਼ਵਾਸੀਆਂ ਨਾਲ ਇਹ ਨਿਸ਼ਾਨ ਹੋਣਗੇ।'' ਇੱਥੇ ਕਿੰਨੇ ਵਿਸ਼ਵਾਸੀ ਹਨ? ''ਆਮੀਨ'' ਕਹੋ। [ਸੰਗਤ ਆਖਦੀ ਹੈ, ''ਆਮੀਨ।''] ਹੁਣ ਤੁਸੀਂ ਵਿਸ਼ਵਾਸੀ ਹੋ, ਨਿਹਚਾ ਕਰਨ ਵਾਲਿਆਂ ਨਾਲ ਇਹ ਨਿਸ਼ਾਨ ਹੋਣਗੇ। ਜੇ ਉਹ ਆਪਣੇ ਹੱਥ ਬਿਮਾਰਾਂ ਤੇ ਰੱਖਣਗੇ, ਉਹ ਚੰਗੇ ਹੋ ਜਾਣਗੇ।'' ਕੀ ਇਹ ਵਾਇਦਾ ਸੱਚਾ ਹੈ? [''ਆਮੀਨ।'' ] ਚੰਗਾ, ਤੁਸੀਂ ਵਿਸ਼ਵਾਸੀ ਹੋ।ਤੁਸੀਂ ਆਪਣੇ ਹੱਥ ਇੱਕ ਦੂਸਰੇ ਉੱਤੇ ਰੱਖੇ ਹੋਏ ਹਨ।ਫਿਰ ਬਾਈਬਲ ਸਹੀ ਹੈ।

198 ਹੁਣ ਤੁਹਾਡੇ ਵਿੱਚੋਂ ਹਰ ਕੋਈ ਇੱਕ ਦੂਸਰੇ ਲਈ ਪ੍ਰਾਰਥਨਾ ਕਰੋ, ਉਸੇ ਤਰ੍ਹਾਂ ਜਿਸ ਤਰ੍ਹਾਂ ਤੁਸੀਂ ਆਪਣੇ ਚਰਚਾਂ ਵਿੱਚ ਕਰਦੇ ਹੋ।ਆਪਣੇ ਹੱਥ ਇੱਕ ਦੂਸਰੇ ਉੱਤੇ ਰੱਖ ਲਓ, ਹੁਣ ਜਦਕਿ ਤੁਸੀਂ ਇੱਕ ਦੂਸਰੇ ਉੱਤੇ ਹੱਥ ਰੱਖੇ ਹੋਏ ਹਨ, ਹਰ ਇੱਕ, ਇੱਕ ਦੂਜੇ ਲਈ ਦੁਆ ਕਰੇ।

199 ਹੇ ਪ੍ਰਭੂ, ਜੇ ਤੂੰ ਅੱਜ ਰਾਤ ਆਪਣੀ ਕਲੀਸਿਯਾ ਨੂੰ ਲੈਣ ਲਈ ਆਉਂਦਾ ਹੈਂ, ਸਾਡੇ ਕੋਲ ਕੋਈ ਬਹਾਨਾ ਨਹੀਂ ਹੈ।ਤੂੰ ਇੱਥੇ ਹਾਜਰ ਹੈ।ਜਿਵੇਂ ਕਿ ਅੱਗ ਦੇ ਖੰਭੇ ਦੀ, ਜਿਸਨੇ ਇਸਰਾਇਲ ਦੇ ਬੱਚਿਆਂ ਦੀ ਅਗੁਵਾਈ ਕੀਤੀ, ਤਸਵੀਰ ਕੰਧ ਉੱਤੇ ਲਟਕ ਰਹੀ ਹੈ, ਉਸੇ ਸਾਮਰਥ ਅਤੇ ਉਸੇ ਹੀ ਪ੍ਰਗਟਾਵੇ ਨਾਲ, ਤੂੰ ਅੱਜ ਰਾਤ ਵੀ ਉਹ ਹੀ ਖੁਦਾ ਹੈਂ।ਤੂੰ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ, ਅਤੇ ਇਹ ਸਬੂਤ ਹੈ ਕਿ ਤੂੰ ਮੁਰਦਿਆਂ

ਵਿੱਚੋਂ ਜੀ ਉੱਠਿਆ ਹੈ। ਹੁਣ, ਪ੍ਰਭੂ ਪ੍ਰਮੇਸ਼ੁਰ, ਲੋਕਾਂ ਦੇ ਦਿਲਾਂ ਵਿੱਚ ਵੱਡਾ ਕੰਮ ਕਰ। ਹਰ ਇੱਕ ਪਾਪ ਨੂੰ ਮਾਫ ਕਰ, ਅਤੇ ਹਰ ਇੱਕ ਬਿਮਾਰੀ ਨੂੰ ਚੰਗਾ ਕਰ।ਪ੍ਰਭੂ, ਉਹਨਾਂ ਦੀਆਂ ਦੁਆਵਾਂ ਦਾ ਉੱਤਰ ਦੇ।ਅਤੇ ਆਪਣੇ ਦਾਸ ਦੀ ਪ੍ਰਾਰਥਨਾ ਨੂੰ ਸੁਣ।

200 ਮੈਂ ਹੁਣ, ਹਰ ਇੱਕ ਬਿਮਾਰੀ, ਹਰੇਕ ਸ਼ੈਤਾਨ, ਸ਼ੈਤਾਨ ਦੀ ਹਰੇਕ ਤਾਕਤ; ਦੀ ਨਿਖੇਧੀ ਕਰਦਾ ਹਾਂ; ਅਤੇ ਸ਼ੈਤਾਨ ਨੂੰ ਕਹਿੰਦਾ ਹਾਂ, ‘‘ਇਹਨਾਂ ਲੋਕਾਂ ਵਿੱਚੋਂ ਬਾਹਰ ਨਿੱਕਲ ਜਾਹ। ਪ੍ਰਮੇਸ਼ੁਰ ਦੇ ਪੁੱਤਰ, ਯਿਸੂ ਮਸੀਹ ਦੇ ਨਾਮ ਵਿੱਚ ਉਹਨਾਂ ਵਿੱਚੋਂ ਬਾਹਰ ਨਿੱਕਲ ਆ।ਇਹਨਾਂ ਲੋਕਾਂ ਨੂੰ ਛੱਡ ਦੇ।ਉਹਨਾਂ ਨੇ ਇੱਕ ਦੂਸਰੇ ਉੱਤੇ ਆਪਣੇ ਹੱਥ ਰੱਖੇ ਹੋਏ ਹਨ।ਉਹ ਪ੍ਰਮੇਸ਼ੁਰ ਦੇ ਸੇਵਕ ਹਨ।ਸ਼ੈਤਾਨ ਉਹਨਾਂ ਵਿੱਚੋਂ ਬਾਹਰ ਨਿੱਕਲ ਆ।ਮੈਂ ਯਿਸੂ ਦੇ ਨਾਮ ਵਿੱਚ ਤੈਨੂੰ ਕਹਿੰਦਾ ਹਾਂ। ਬਾਹਰ ਨਿੱਕਲ ਆ ਅਤੇ ਤੂੰ ਹਨੇਰ ਵਿੱਚ ਸੁੱਟਿਆ ਜਾ ਅਤੇ ਉਹਨਾਂ ਨੂੰ ਅੱਗੇ ਤੋਂ ਤੰਗ ਨਾ ਕਰ।ਯਿਸੂ ਮਸੀਹ ਦੇ ਨਾਮ ਵਿੱਚ।’’

201 ਤੁਹਾਡੇ ਵਿੱਚੋਂ ਕਿੰਨੇ ਜਣੇ ਵਿਸ਼ਵਾਸ ਕਰਦੇ ਹਨ ਕਿ ਪ੍ਰਮੇਸ਼ੁਰ ਨੇ ਤੁਹਾਨੂੰ ਹੁਣੇ ਹੀ ਚੰਗਾ ਕੀਤਾ ਹੈ। ਆਪਣੇ ਪੈਰਾਂ ਤੇ ਖੜ੍ਹੇ ਹੋ ਜਾਓ। ਜੇ ਤੁਸੀਂ ਅਪਾਹਜ ਹੋ, ਤਾਂ ਵੀ ਖੜ੍ਹੇ ਹੋ ਜਾਓ। ਇਸੇ ਤਰ੍ਹਾਂ ਹੈ। ਕੀ ਮੈਂ ਤੁਹਾਨੂੰ ਨਹੀਂ ਕਿਹਾ, ਤੁਸੀਂ ਪ੍ਰਮੇਸ਼ੁਰ ਦੀ ਮਹਿਮਾਂ ਵੇਖੋਗੇ? ਜੇ ਇੱਥੇ ਕੋਈ ਅਪਾਹਜ ਹਨ ਜੋ ਚੱਲ ਨਹੀਂ ਸੱਕਦੇ, ਹੇਠਾਂ ਉੱਪਰ ਚੱਲਣ ਵਾਲੇ ਥਾਂ ਤੇ ਤੁਰੋ। ਜੇ ਇੱਥੇ ਕੋਈ ਅਜਿਹਾ ਹੈ ਜੋ ਇੱਕ ਕੰਨ ਤੋਂ ਬੋਲ੍ਹਾ ਸੀ, ਆਪਣੀ ਉਂਗਲ ਠੀਕ ਕੰਨ ਵਿੱਚ ਪਾ ਲਓ ਅਤੇ ਖਰਾਬ ਕੰਨ ਤੋਂ ਸੁਣੋ। ਕੋਈ ਵੀ ਇੱਥੇ ਜੋ ਕੋਈ ਦੁਖੀ ਹੈ, ਆਪਣੇ ਹੱਥ ਨਹੀਂ ਉਠਾ ਸੱਕਦੇ; ਹੱਥ ਉਠਾਓ। ਮਸੀਹ... ਵੇਖੋ, ਉੱਪਰ ਖੜ੍ਹੇ ਹੋ ਰਹੇ ਹੱਥਾਂ ਨੂੰ ਵੇਖੋ, ਜਿਹਨਾਂ ਦੇ ਹੱਥ ਵਿੱਚ ਤਕਲੀਫ ਸੀ।ਆਮੀਨ। ਮੈਂ ਕਿਹਾ ਉਹ ਇੱਥੇ ਹੈ।

202 ਠੀਕ ਹੈ, ਭੈਣ ਗਰਟੀ।

ਉਹ ਜੀਉਂਦਾ ਹੈ, ਉਹ ਜੀਉਂਦਾ ਹੈ, ਮਸੀਹ ਯਿਸੂ ਅੱਜ ਜੀਉਂਦਾ ਹੈ !
ਉਹ ਮੇਰੇ ਨਾਲ ਚੱਲਦਾ ਹੈ ਅਤੇ ਜੀਵਨ ਦੇ ਤੰਗ
ਰਾਹ ਵਿੱਚ ਮੇਰੇ ਨਾਲ ਗੱਲਾਂ ਕਰਦਾ ਹੈ।
ਉਹ ਜੀਉਂਦਾ ਹੈ, ਉਹ ਜੀਉਂਦਾ ਹੈ, ਮੁਕਤੀ ਪ੍ਰਦਾਨ ਕਰਨ ਲਈ !
ਤੁਸੀਂ ਮੈਨੂੰ ਪੁੱਛੋ ਮੈਂ ਕਿਵੇਂ ਜਾਣਦਾ ਹਾਂ ਉਹ ਜੀਉਂਦਾ ਹੈ?
ਉਹ ਮੇਰੇ ਦਿਲ ਵਿੱਚ ਜੀਉਂਦਾ ਹੈ।

203 ਦੁਬਾਰਾ, ਹਰ ਕੋਈ ! [ਭਾਈ ਬ੍ਰਾਨਹਾਮ ਆਪਣੇ ਹੱਥਾਂ ਨਾਲ ਤਾੜੀ ਵਜਾਉਣੀ ਸ਼ੁਰੂ ਕਰਦੇ ਹਨ। -ਸੰਪ]

ਉਹ ਜੀਉਂਦਾ ਹੈ, ਉਹ ਜੀਉਂਦਾ ਹੈ, ਮਸੀਹ ਯਿਸੂ ਅੱਜ ਜੀਉਂਦਾ ਹੈ !
ਉਹ ਮੇਰੇ ਨਾਲ ਚੱਲਦਾ ਹੈ ਅਤੇ ਜੀਵਨ ਦੇ ਤੰਗ
ਰਾਹ ਵਿੱਚ ਮੇਰੇ ਨਾਲ ਗੱਲਾਂ ਕਰਦਾ ਹੈ।
ਉਹ ਜੀਉਂਦਾ ਹੈ, ਉਹ ਜੀਉਂਦਾ ਹੈ, ਮੁਕਤੀ ਪ੍ਰਦਾਨ ਕਰਨ ਲਈ !
ਤੁਸੀਂ ਮੈਨੂੰ ਪੁੱਛੋ ਮੈਂ ਕਿਵੇਂ ਜਾਣਦਾ ਹਾਂ ਉਹ ਜੀਉਂਦਾ ਹੈ?
ਉਹ ਮੇਰੇ ਦਿਲ ਵਿੱਚ ਜੀਉਂਦਾ ਹੈ।

204 ਇਹ ਵੱਡੀ ਸੰਗਤ ਕਹੇ, ''ਹਾਲੇਲੂਯਾਹ !''[ਸੰਗਤ ਆਖਦੀ ਹੈ, ''ਹਾਲੇਲੂਯਾਹ।'' ] ਪ੍ਰਭੂ ਜੀਉਂਦਾ ਹੈ ! [ ''ਪ੍ਰਭੂ ਜੀਉਂਦਾ ਹੈ !'' ] ਉਸਦਾ ਨਾਮ ਮਹਿਮਾ ਪਾਵੇ ! [ ਉਸਦਾ ਨਾਮ ਮਹਿਮਾ ਪਾਵੇ ! ] ਹਾਲੇਲੂਯਾਹ !

ਉਹ ਜੀਉਂਦਾ ਹੈ, ਉਹ ਜੀਉਂਦਾ ਹੈ, ( ਆਪਣੇ ਹੱਥਾਂ ਨੂੰ ਉਸ ਵੱਲ ਉਠਾਓ)
ਮਸੀਹ ਯਿਸੂ ਅੱਜ ਜੀਉਂਦਾ ਹੈ !
ਉਹ ਮੇਰੇ ਨਾਲ ਚੱਲਦਾ ਹੈ ਅਤੇ ਜੀਵਨ ਦੇ ਤੰਗ
ਰਾਹ ਵਿੱਚ ਮੇਰੇ ਨਾਲ ਗੱਲਾਂ ਕਰਦਾ ਹੈ।
ਉਹ ਜੀਉਂਦਾ ਹੈ, ਉਹ ਜੀਉਂਦਾ ਹੈ, ਮੁਕਤੀ ਪ੍ਰਦਾਨ ਕਰਨ ਲਈ !
ਤੁਸੀਂ ਮੈਨੂੰ ਪੁੱਛੋ ਮੈਂ ਕਿਵੇਂ ਜਾਣਦਾ ਹਾਂ ਉਹ ਜੀਉਂਦਾ ਹੈ?
ਉਹ ਮੇਰੇ ਦਿਲ ਵਿੱਚ ਜੀਉਂਦਾ ਹੈ।

205 ਕਿੰਨੇ ਉਸ ਪੁਰਾਣੇ ਗੀਤ ਨੂੰ ਪਸੰਦ ਕਰਦੇ ਹਨ, ''ਆਮੀਨ'' ਕਹਿਣ। [ਸੰਗਤ ਆਖਦੀ ਹੈ, ''ਆਮੀਨ।''] ਜੋ ਤੁਹਾਡੇ ਲਾਗੇ ਹੈ ਉਸ ਨਾਲ ਹੱਥ ਮਿਲਾਓ। ਕਹੋ, ''ਪਰੇਜ ਦਾ ਲੱਾਰਡ ! ਪਰੇਜ ਦਾ ਲੱਾਰਡ !'' [ ''ਪਰੇਜ ਦਾ ਲੱਾਰਡ ! ਪਰੇਜ ਦਾ ਲੱਾਰਡ !'' ] ਪਰੇਜ ਦਾ ਲੱਾਰਡ ! ਪਰੇਜ ਦਾ ਲੱਾਰਡ ! ਠੀਕ ਹੈ।

ਮੇਰਾ ਵਿਸ਼ਵਾਸ ਤੇਰੇ ਵੱਲ ਤੱਕਦਾ ਹੈ। ਔਹ ਕਿੰਨਾ ਅਦ ...
... ਵਿਸ਼ਵਾਸ ਤੇਰੇ ਵੱਲ ਤੱਕਦਾ ਹੈ,
ਤੂੰ ਕਲਵਰੀ ਦੇ ਲੇਲੇ, ਰੱਬੀ ਮੁਕਤੀਦਾਤੇ ;
ਮੇਰੇ ਸਾਰੇ ਦਾਗ ਦੂਰ ਕਰ ਦੇ
ਅੱਜ ਤੋਂ ਹੀ ਮੈਨੂੰ ਪੂਰੇ ਤੌਰ ਨਾਲ ਤੇਰਾ ਹੋਣ ਦੇ !

206 ਹੁਣ ਆਓ, ਸਰਵਸ਼ਕਤੀਮਾਨ ਅਤੇ ਸ਼ਕਤੀਸ਼ਾਲੀ ਪ੍ਰਮੇਸ਼ੁਰ ਦੀ ਹਜ਼ੂਰੀ ਵਿੱਚ, ਆਪਣੇ ਸਿਰਾਂ ਨੂੰ ਸ਼ਰਧਾ ਨਾਲ ਝੁਕਾਈਏ।ਕਾਸ਼ ਕਿ ਪ੍ਰਭੂ ਪ੍ਰਮੇਸ਼ੁਰ ਆਪਣੀਆਂ ਬਰਕਤਾਂ ਹਰੇਕ ਨੂੰ ਬਖਸ਼ ਦੇਵੇ। ਪ੍ਰਮੇਸ਼ੁਰ ਤੁਹਾਨੂੰ ਹਰ ਇੱਕ ਨੂੰ ਬਹੁਤਾਇਤ ਵਿੱਚ ਬਰਕਤ ਦੇਵੇ, ਜੋ ਸੱਭ ਤੋਂ ਵਧੀਆ ਹੈ ਤੁਹਾਨੂੰ ਦੇਵੇ।ਉਸਦੀ ਕਿਰਪਾ ਤੁਹਾਡੇ ਉੱਤੇ ਬਣੀ ਰਹੇ, ਹਰ

ਕੋਈ ਆਪਣੀ ਚੰਗਾਈ ਲਈ ਉੱਠ ਰਿਹਾ ਹੈ। ਇਸ ਦਾ ਕਦੇ ਵੀ ਇਨਕਾਰ ਨਈਂ ਕਰਨਾ ਹੈ।ਬਹੁਤ ਸਾਰੇ ਬਚਾਏ ਗਏ ਹਨ। ਬਹੁਤ ਸਾਰਿਆਂ ਨੇ ਮਸੀਹ ਨੂੰ ਕਬੂਲ ਕੀਤਾ ਹੈ। ਮਸੀਹ ਦਿਲ ਦੇ ਗੁਪਤ ਵਿਚਾਰਾਂ ਨੂੰ ਪ੍ਰਗਟ ਕਰ ਰਿਹਾ ਹੈ।

207 ਅਜਨਬੀਓ, ਅਸੀਂ ਤੁਹਾਨੂੰ, ਆਪਣੇ ਭਵਨ ਵਿੱਚ ਆਉਣ ਦਾ, ਆਪਣੀ ਸੰਗਤ ਵਿੱਚ ਆਉਣ ਦਾ ਦੁਬਾਰਾ ਸੱਦਾ ਦਿੰਦੇ ਹਾਂ।

208 ਮੈਂ ਥੋੜ੍ਹੀ ਹੀ ਦੇਰ ਪਹਿਲਾਂ ਗਾਇਆ ਹੈ, ਤਾਂ ਕਿ ਉਹ ਮਸ੍ਹਾ ਮੈਨੂੰ ਇੱਕ ਪਲ ਲਈ ਛੱਡ ਦੇਵੇ ਤਾਂ ਕਿ ਮੈਂ ਬੋਲ ਸਕਾਂ। ਮੈਂ ਖੁਸ਼ ਹਾਂ ਕਿ ਤੁਸੀਂ ਆਏ ਹੋ। ਤੁਹਾਡੇ ਨਾਲ ਇਹ ਬਹੁਤ ਹੀ ਚੰਗਾ ਦਿਨ ਰਿਹਾ ਹੈ। ਪ੍ਰਮੇਸ਼ੁਰ ਤੁਹਾਨੂੰ ਬਰਕਤ ਦੇਵੇ।

209 ਭਵਨ ਵਾਲਿਆਂ ਲਈ, ਅਗਲੇ ਐਤਵਾਰ ਰਾਤ ਨੂੰ ਪ੍ਰਭੂ ਭੋਜ ਅਤੇ ਪੈਰ ਧੋਣਾ ਹੈ। ਅਤੇ ਤੁਸੀਂ ਜਿਹੜੇ ਸਾਡੇ ਗੁਆਂਢੀ ਹੋ ਰੁਕੋ ਅਤੇ ਸਾਨੂੰ ਮਿਲੋ। ਸਾਡੇ ਲਈ ਦੁਆ ਕਰਦੇ ਰਹੋ ਜਦ ਤੱਕ ਕਿ ਅਸੀਂ ਫਿਰ ਨਹੀਂ ਮਿਲਦੇ।

210 ਹੁਣ ਆਓ ਆਪਣੇ ਸਿਰਾਂ ਨੂੰ ਝੁਕਾਈਏ।ਅਸੀਂ ਪਾਸਟਰ ਨੂੰ ਕਹਿਣ ਜਾ ਰਹੇ ਹਾਂ, ਕਿ ਆਉਣ ਅਤੇ ਸਾਨੂੰ ਵਿਦਾ ਕਰਨ, ਜਾਂ ਜੋ ਉਹ ਕਹਿਣਾ ਚਾਹੁੰਦੇ ਹਨ ਕਹਿਣ।

# ਜੀ ਉੱਠਣ ਦਾ ਸਬੂਤ

*The Evidence Of The Resurrection*

Vol. 29 No. 8

ਇਹ ਸੰਦੇਸ਼ ਸਾਡੇ ਪਿਆਰੇ ਭਾਈ ਵਿਲੀਅਮ ਮੈਰੀਅਨ ਬ੍ਰਾਨਹਾਮ ਦੁਆਰਾ ਈਸਟਰ ਦੀ ਸ਼ਾਮ ਐਤਵਰ, ਅਪ੍ਰੈਲ 6, 1958 ਨੂੰ ਬ੍ਰਾਨਹਾਮ ਟੈਬਰਨੈਕਲ ,ਜੈਫਰਸਿਨਵਿਲੇ, ਇੰਡੀਆਨਾ, ਸੰਯੁਕਤ ਰਾਜ ਅਮਰੀਕਾ ਵਿੱਚ ਪ੍ਰਚਾਰਿਆ ਸੀ। ਇਸਦਾ ਟੇਪ ਨੰਬਰ 58-0406E ਹੈ, ਅਤੇ ਇਹ ਇੱਕ ਘੰਟਾ ਪੈਂਤੀ ਮਿੰਟ ਦਾ ਹੈ। ਚੁੰਬਕੀ ਟੇਪ ਰਿਕਾਰਡਿੰਗ ਤੋਂ ਜ਼ਬਾਨੀ ਸੰਦੇਸ਼ ਨੂੰ ਛਪੇ ਹੋਏ ਪੰਨ੍ਹਿਆਂ ਵਿੱਚ ਠੀਕ ਠੀਕ ਲਿਆਉਣ ਲਈ ਹਰ ਇੱਕ ਪ੍ਰਾਪਤ ਯਤਨ ਕੀਤਾ ਗਿਆ ਹੈ, ਅਤੇ ਬਿਨਾਂ ਕੁਝ ਘਟਾਏ ਵਧਾਏ ਇਹ ਸੰਦੇਸ਼ ਛਾਪਿਆ ਗਿਆ ਹੈ ਅਤੇ VOICE OF GOD RECORDINGS ਦੁਆਰਾ ਮੁਫਤ ਵੰਡਿਆ ਗਿਆ ਹੈ।

ਇਹ ਕਿਤਾਬ ਵਿਸ਼ਵਾਸ਼ੀਆਂ ਵੱਲੋ ਅਜ਼ਾਦੀ ਨਾਲ ਦਿੱਤੇ ਗਏ ਦਾਨਾਂ ਦੁਆਰਾ ਪ੍ਰਾਪਤ ਕਰਵਾਈ ਗਈ ਹੈ।

2013 ਵਿੱਚ ਛਾਪੀ ਗਈ

VOICE OF GOD RECORDINGS

P.O. Box 950, Jeffersonville, Indiana 47131 U.S.A.

**VOICE OF GOD RECORDINGS INC.**
--------------------India Office-----------------------
No 28, Shenoy Road, Nungambakkam, Chennai - 600 034, South India
Phone : 044 - 2827 4560 /  044 - 2825 1791
E-mail : india@vgroffice.org

## Copyright notice

All rights reserved. This book may be printed on a home printer for personal use or to be given out, free of charge, as a tool to spread the Gospel of Jesus Christ. This book cannot be sold, reproduced on a large scale, posted on a website, stored in a retrieval system, translated into other languages, or used for soliciting funds without the express written permission of Voice Of God Recordings®.

For more information or for other available material, please contact:

Voice Of God Recordings
P.O. Box 950, Jeffersonville, Indiana 47131 U.S.A.
www.branham.org